# ਸੰਤਾਪ

(ਨਾਟਕ ਸ਼ੁਰੂ ਹੋਣ 'ਤੇ ਦੀਪ ਸਵੇਰੇ ਕੰਮ 'ਤੇ ਜਾਣ ਲਈ ਤਿਆਰ ਹੋ ਰਹੀ ਹੈ। ਹਰਨੇਕ ਬੈਠਾ ਹੋਇਆ ਅਖ਼ਬਾਰ ਪੜ੍ਹ ਰਿਹਾ ਹੈ। ਬੀਬੀ ਕੁਰਸੀ 'ਤੇ ਹੱਥ ਰੱਖ ਕੇ ਬੈਠੀ ਹੈ। ਜਿਵੇਂ ਕਿ ਉਹਨੂੰ ਕੋਈ ਕੰਮ ਨਹੀਂ। ਦੀਪ ਇਧਰ ਉਧਰ ਭੱਜ-ਨੱਠ ਕਰ ਰਹੀ ਹੈ। ਕੋਈ ਚੀਜ਼ ਇਧਰ ਰੱਖਦੀ ਹੈ, ਕੋਈ ਚੀਜ਼ ਉਧਰ ਰੱਖਦੀ ਹੈ। ਕੰਮ ਵਿਚ ਪੂਰੀ ਤਰ੍ਹਾਂ ਰੁੱਝੀ ਹੋਈ। ਫਿਰ ਹਰਨੇਕ ਨੂੰ ਕਹਿੰਦੀ ਹੈ—)

ਦੀਪ : ਮੈਨੂੰ ਹੁਣ ਜਾਣ ਦੀ ਕਾਹਲੀ ਏ ਤੇ ਤੁਸੀਂ ਹੋ ਕੇ ਅਖ਼ਬਾਰ 'ਤੇ ਅਖ਼ਬਾਰ ਪੜ੍ਹੀ ਜਾ ਰਹੇ ਹੋ।

ਹਰਨੇਕ : ਤੈਨੂੰ ਜਾਣ ਦੀ ਕਾਹਲੀ ਏ ਤਾਂ ਤੂੰ ਜਲਦੀ ਤਿਆਰ ਹੋ ਜਾ...ਮੈਂ ਇਸ ਵਿਚ ਕੀ ਕਰ ਸਕਦਾ ਹਾਂ ?

ਦੀਪ : ਤੁਸੀਂ ਕੋਈ ਮਦਦ ਤਾਂ ਕਰ ਸਕਦੇ ਹੋ, ਘੱਟ ਤੋਂ ਘੱਟ ਚਾਹ ਤਾਂ ਬਣਾ ਸਕਦੇ ਹੋ।

ਬੀਜੀ : ਲੈ ਧੀਏ, ਚਾਹ ਮੈਂ ਬਣਾ ਦਿੰਦੀ ਹਾਂ।

ਦੀਪ : ਤੁਸੀਂ ਰਹਿਣ ਦਿਉ ਮਾਂ ਜੀ...ਇਹ ਤੁਹਾਡੇ ਵੱਸ ਦੀ ਗੱਲ ਨਹੀਂ।

ਬੀਜੀ : ਲੈ ਮੈਂ ਸਾਰੀ ਉਮਰ ਇਹੀ ਕੰਮ ਕਰਦੀ ਰਹੀ ਹਾਂ। ਹਰਨੇਕ ਦਾ ਬਾਪੂ ਤਾਂ ਮੰਜੇ ਤੋਂ ਉੱਠਦਾ ਹੀ ਤਾਂ ਸੀ, ਜਦੋਂ ਪਹਿਲਾਂ ਚਾਹ ਮਿਲਦੀ ਸੀ ਤੇ ਮੈਂ ਅੱਗ ਬਾਲਣ ਲਈ ਛਟੀਆਂ ਰਾਤ ਨੂੰ ਹੀ ਚੁੱਲ੍ਹੇ ਵਿਚ ਜੋੜੀਆਂ ਹੁੰਦੀਆਂ ਸਨ। ਪਰ ਇਹ ਤੂੰ ਠੀਕ ਕਹਿੰਦੀ ਹੈਂ ਕਿ ਤੁਹਾਡੇ ਚੁੱਲ੍ਹਿਆਂ 'ਤੇ ਚਾਹ ਬਣਾਉਣੀ ਮੇਰੇ ਵੱਸ ਦੀ ਗੱਲ ਨਹੀਂ।

ਹਰਨੇਕ : ਤੁਸੀਂ ਰਹਿਣ ਦਿਉ ਬੀਜੀ...ਮੈਂ ਆਪਣੇ ਆਪ ਹੀ ਬਣਾ ਦੇਨਾ ਹਾਂ।

ਬੀਜੀ : ਆਹੋ...ਅੱਗੇ ਤੀਵੀਂ ਮਰਦ ਲਈ ਚਾਹ ਬਣਾਉਂਦੀ ਸੀ ਤੇ ਹੁਣ ਮਰਦ ਤੀਵੀਂ ਲਈ ਚਾਹ ਬਣਾਏਗਾ।

ਦੀਪ : ਮਾਂ ਜੀ ਜੇ ਇਹ ਚਾਹ ਬਣਾ ਦੇਣਗੇ ਤਾਂ ਕੋਈ ਫ਼ਰਕ ਨਹੀਂ ਪੈ ਜਾਏਗਾ।

ਬੀਜੀ : ਆਹੋ ਧੀਏ...ਇਥੇ ਤਾਂ ਕੋਈ ਕਿਸੇ ਗੱਲ ਦਾ ਵੀ ਫ਼ਰਕ ਨਹੀਂ ਪੈਣਾ।

*(ਦੀਪ ਕਾਹਲੀ ਵਿਚ ਹੈ ਤੇ ਇਧਰ ਉਧਰ ਤੇਜ਼ੀ ਨਾਲ ਕੰਮ ਕਰਦਿਆਂ ਉਸ ਦਾ ਪੈਰ ਬਾਪੂ ਜੀ ਦੀ ਸੋਟੀ ਨਾਲ ਵੱਜਦਾ ਹੈ।)*

ਦੀਪ : ਇਕ ਤਾਂ ਬਾਪੂ ਜੀ ਨੂੰ ਸੌ ਵਾਰੀ ਕਿਹਾ ਹੈ ਕਿ ਸੋਟੀ ਰਾਹ ਵਿਚ ਨਾ ਰੱਖਿਆ ਕਰੋ। ਉਧਰੋਂ ਬੰਦੇ ਨੂੰ ਆਪਣੀ ਕਾਹਲ ਹੁੰਦੀ ਏ ਤੇ ਥੱਲੋਂ ਸੋਟੀਆਂ ਨਾਲ ਠੁੱਡੇ ਪਏ ਲੱਗਦੇ ਨੇ।

ਹਰਨੇਕ : ਮੈਡਮ...ਜੇ ਅੱਖਾਂ ਖੋਲ੍ਹ ਕੇ ਰੱਖੀਏ ਤਾਂ ਠੁੱਡੇ ਨਹੀਂ ਲੱਗਦੇ।

ਦੀਪ : ਤੇ ਤੁਹਾਡਾ ਕੀ ਖ਼ਿਆਲ ਏ ਕਿ ਮੇਰੀਆਂ ਅੱਖਾਂ ਬੰਦ ਨੇ, ਮੈਨੂੰ ਦਿਸਦਾ ਕੁਝ ਨਹੀਂ।

ਹਰਨੇਕ : ਅੱਖਾਂ ਤਾਂ ਬੰਦ ਨਹੀਂ, ਪਰ ਇਹ ਹੈ ਕਿ ਦਿਸਦਾ ਕੁਝ ਨਹੀਂ।

ਦੀਪ : ਬਾਪੂ ਜੀ ਤੇ ਬੇਜੀ ਜਦੋਂ ਦੇ ਇੰਡੀਆ ਤੋਂ ਆਏ ਨੇ, ਤੁਹਾਨੂੰ ਤਾਂ ਬਸ ਲਾ-ਲਾ ਕੇ ਗੱਲਾਂ ਕਰਨ ਦੀ ਆਦਤ ਜਿਹੀ ਪੈ ਗਈ ਏ।

ਹਰਨੇਕ : ਤੇ ਤੈਨੂੰ ਹਰ ਗੱਲ ਦੀ ਚਿੜ ਲੱਗੀ ਰਹਿੰਦੀ ਏ...ਹੁਣ ਜੇ ਬੀਬੀ ਜੀ ਕੋਲੋਂ ਰਾਤੀਂ ਕੰਮ ਕਰਦਿਆਂ ਪਿਆਲੀ ਹੱਥ ਵਿਚੋਂ ਖਿਸਕ ਕੇ ਟੁੱਟ ਗਈ ਤਾਂ ਇਸ ਵਿਚ ਉਨ੍ਹਾਂ ਦਾ ਕੀ ਕਸੂਰ ਹੈ। ਉਹ ਕਿਹੜਾ ਸਾਰੀ ਉਮਰ ਡਿਸ਼ਾਂ ਵਾਸ਼ ਕਰਦੇ ਰਹੇ ਨੇ।

ਦੀਪ : ਪਰ ਉਹ ਪਿਆਲੀ ਸੈੱਟ ਦੇ ਨਾਲ ਦੀ ਸੀ ਤੇ ਹੁਣ ਸਾਰਾ ਸੈੱਟ ਖਰਾਬ ਹੋ ਗਿਆ।

ਬੀਜੀ : ਲੈ ਪੁੱਤਰਾ...ਅਸੀਂ ਤਾਂ ਹੁਣ ਤਕ ਸਵਾਹ ਨਾਲ ਹੀ ਭਾਂਡੇ ਮਾਂਜਦੇ ਰਹੇ। ਕਦੇ ਵੀ ਕੋਈ ਭਾਂਡਾ ਡਿੱਗਿਆ ਨਹੀਂ ਸੀ ਤੇ ਇਥੇ ਸਾਬਣ ਨਾਲ ਹੱਥ ਤਿਲਕ ਤਿਲਕ ਪੈਂਦੇ ਨੇ...ਸਵਾਹ ਨਾਲ ਭਾਂਡੇ ਲਿਸ਼ਕਦੇ ਵੀ ਬਹੁਤ ਨੇ ਸ਼ੀਸ਼ੇ ਵਾਂਗ...ਹਰਨੇਕ ਤਾਂ ਨਿੱਕੇ ਹੁੰਦਿਆਂ ਪੱਗ ਵੀ ਲਿਸ਼ਕਵੀਂ ਥਾਲੀ ਅੱਗੇ ਖੜੋ ਕੇ ਬੰਨ੍ਹਦਾ ਹੁੰਦਾ ਸੀ। ਧੀਏ ਸਾਰੇ ਪਿੰਡ ਵਿਚ ਇਹਦੀ ਪੋਚਵੀਂ ਪੱਗ ਮਸ਼ਹੂਰ ਸੀ। ਇਥੇ ਆ ਕੇ ਤਾਂ ਇਹਨੇ ਪੱਗ ਵੀ ਲਾਹ ਦਿੱਤੀ ਏ।

ਦੀਪ : ਮਾਂ ਜੀ...ਪੱਗ ਮੈਂ ਤਾਂ ਨਹੀਂ ਉਤਰਵਾਈ, ਇਨ੍ਹਾਂ ਆਪ ਹੀ ਲਾਹ ਦਿੱਤੀ ਐ।

ਹਰਨੇਕ : ਮਾਂ ਜੀ ਪੱਗ ਲਾਹੀ ਤਾਂ ਮੈਂ ਭਾਵੇਂ ਆਪ ਹੀ ਹੈ, ਪਰ ਲੁਹਾਈ ਤੁਹਾਡੀ ਇਸ ਨੂੰਹ ਨੂ ਹੀ ਹੈ।

ਬੀਜੀ : ਉਹ ਕਿਸ ਤਰ੍ਹਾਂ।

ਹਰਨੇਕ : ਕਹਿੰਦੀ ਬਖਸ਼ੀਸ਼ ਜਦੋਂ ਦਾ ਕਲੀਨ ਸ਼ੇਵ ਹੋਇਆ ਕਿੰਨਾ ਸੋਹਣਾ ਲੱਗਦਾ, ਮੈਂ ਤਾਂ ਬਸ ਭਾਈ ਜੀ ਹੀ ਲੱਗਦਾ ਹਾਂ।

ਬੀਜੀ : ਵੇ ਪੁੱਤਰਾ...ਇਹ ਬਖ਼ਸ਼ੀਸ਼ ਕੌਣ ਏ ?

ਹਰਨੇਕ : (ਦੀਪ ਨੂੰ) ਦੱਸ ਦੇਵਾਂ ਮਾਂ ਜੀ ਨੂੰ...?

ਦੀਪ : ਦੱਸ ਦੇਵੋ...ਮੈਂ ਡਰਦੀ ਥੋੜ੍ਹੀ ਹਾਂ...ਮੈਂ ਤੇ ਹੁਣ ਵੀ ਆਖਦੀ ਹਾਂ ਕਿ

ਬਖ਼ਸ਼ੀਸ਼ ਸੋਹਣਾ ਲੱਗਦਾ ਏ, ਤੁਹਾਡੀ ਤਾਂ ਦਾੜ੍ਹੀ ਮੁੱਛ ਸਾਫ਼ ਕਰਕੇ ਸ਼ਕਲ ਹੋਰ ਨਿਕਲ ਆਈ ਹੈ...ਇਹਦੇ ਨਾਲੋਂ ਤਾਂ ਤੁਸੀਂ ਪੱਗ ਵਿਚ ਹੀ ਚੰਗੇ ਲੱਗਦੇ ਸੀ।

ਹਰਨੇਕ : ਜੇ ਤੂੰ ਕਹੇਂ ਤਾਂ ਮੈਂ ਫੇਰ ਰੱਖ ਲੈਂਦਾ ਹਾਂ।

ਦੀਪ : ਰਹਿਣ ਦਿਉ...ਜੇ ਫੇਰ ਰੱਖੋਗੇ ਤਾਂ ਕੰਡਿਆਂ ਵਾਂਗ ਚੁਭਣ ਵਾਲੀ ਦਾੜ੍ਹੀ ਉੱਗ ਆਏਗੀ...ਇੰਝ ਹੀ ਠੀਕ ਏ, ਨਾਲੇ ਜੇ ਨਾ ਵੀ ਚੰਗੇ ਲੱਗਦੇ ਹੋਵੇ, ਤਦ ਮੈਂ ਕਿਹੜਾ ਤੁਹਾਨੂੰ ਛੱਡ ਕੇ ਚੱਲੀ ਹਾਂ।

ਹਰਨੇਕ : ਤੇਰਾ ਕੀ ਐ...ਬਖ਼ਸ਼ੀਸ਼ ਤਾਂ ਹੁਣ ਤੈਨੂੰ ਚੰਗਾ ਲੱਗਣ ਹੀ ਲੱਗ ਪਿਆ ਏ।

ਬੀਜੀ : ਪਰ ਪੁੱਤਰਾ...ਇਹ ਬਖ਼ਸ਼ੀਸ਼ ਰੁੜ ਪੁੜ ਜਾਣਾ ਹੈ ਕੌਣ...ਜਿਸ ਦਾ ਵਾਰ ਵਾਰ ਨਾਂ ਲੈ ਰਹੇ ਹੋ ?

ਹਰਨੇਕ : ਮਾਂ ਜੀ ਮੇਰਾ ਇਕ ਦੋਸਤ ਐ...ਤੁਹਾਡੀ ਨੂੰਹ ਨੂੰ ਚੰਗਾ ਲੱਗਦਾ ਏ।

ਬੀਜੀ : ਨਾ ਪੁੱਤਰਾ, ਇਹੋ ਜਿਹੀ ਗੱਲ ਨਹੀਂ ਕਰੀਦੀ ਹੁੰਦੀ...ਨੂੰਹ ਧੀ ਬਾਰੇ ਇੰਝ ਗੱਲ ਕਰਨੀ ਠੀਕ ਨਹੀਂ ਹੁੰਦੀ...ਬੜੇ ਸਾਲਾਂ ਦੀ ਗੱਲ ਹੈ...ਮੈਂ ਕਿਧਰੇ ਕਹਿ ਬੈਠੀ ਕਿ ਮੇਰੇ ਪੇਕਿਆਂ ਦਾ ਸੁਰਜੀਤ ਬੜਾ ਹੀ ਸੋਹਣਾ ਸੀ ਤਾਂ ਤੇਰੇ ਬਾਪੂ ਨੇ ਝੱਅ ਕਿਹਾ ਕਿ ਫਿਰ ਤੂੰ ਉਹਨੂੰ ਖਸਮ ਬਣਾ ਲੈਂਦੀ। ਇਹ ਤਾਂ ਤੇਰੀ ਦਾਦੀ ਵਿਚ ਨਾ ਪੈਂਦੀ ਤਾਂ ਤੇਰੇ ਬਾਪੂ ਨੇ ਮੇਰੀ ਬੜੀ ਬਾਬ ਕਰਨੀ ਸੀ। ਮਰਦਾਂ ਦੀ ਇਹ ਗੱਲ ਬੜੀ ਮਾੜੀ ਹੁੰਦੀ ਏ ਕਿ ਉਹ ਆਪਣੀ ਵਹੁਟੀ ਦੇ ਮੂੰਹ ਤੋਂ ਕਿਸੇ ਮਰਦ ਦੀ ਤਾਰੀਫ਼ ਨਹੀਂ ਬਰਦਾਸ਼ਤ ਕਰਦੇ।

ਦੀਪ : ਮਾਂ ਜੀ ਇਸ ਗੱਲੋਂ ਤਾਂ ਇਹ ਵੀ ਆਪਣੇ ਬਾਪੂ ਜੀ 'ਤੇ ਹੀ ਗਏ ਨੇ...ਭਾਵੇਂ ਇਹ ਵੱਖਰੀ ਗੱਲ ਹੈ ਕਿ ਮੈਂ ਇਨ੍ਹਾਂ ਦਾ ਰੋਅਬ ਸਹਿੰਦੀ ਨਹੀਂ ਹਾਂ। ਚੰਗਾ ਮਾਂ ਜੀ, ਮੈਂ ਚੱਲੀ ਹਾਂ, ਰੋਟੀ ਮੈਂ ਤਿਆਰ ਕਰ ਚੱਲੀ ਹਾਂ, ਤੁਸੀਂ ਗਰਮ ਕਰ ਲੈਣੀ, ਪਰ ਡਿਸ਼ ਵਾਸ਼ ਨਾ ਕਰਨੀ, ਆਪੇ ਧੋ ਲੈਣਗੇ ਜਾਂ ਮੈਂ ਆ ਕੇ ਧੋ ਲਵਾਂਗੀ...ਪਰ ਮੈਂ ਕਿਉਂ...ਇਹ ਆਪ ਹੀ ਧੋ ਲੈਣਗੇ।

ਹਰਨੇਕ : ਆਹੋ...ਹੁਣ ਤੂੰ ਮੈਨੂੰ ਬਾਪੂ ਤੇ ਬੀਜੀ ਦੇ ਸਾਹਮਣੇ ਮੁੰਡੂ ਬਣਾ ਦੇ।

ਦੀਪ : ਮੈਂ ਤਾਂ ਤੁਹਾਨੂੰ ਨਹੀਂ ਸੀ ਕਿਹਾ ਇਨ੍ਹਾਂ ਨੂੰ ਇਥੇ ਲੈ ਕੇ ਆਉ...ਾਂ ਜੋ ਉਹ ਦੇਖ ਸਕਣ ਕਿ ਉਨ੍ਹਾਂ ਦਾ ਪਿਆਰਾ ਹਰਨੇਕ, ਲਿਸ਼ਕਵੀਂ ਥਾਲੀ ਵਿਚੋਂ ਵੇਖ ਕੇ ਪੋਚਵੀਂ ਪੱਗ ਬੰਨ੍ਹਦਾ ਤੇ ਜਿਸ ਦੀ ਪੱਗ ਸਾਰੇ ਪਿੰਡ ਵਿਚ ਮਸ਼ਹੂਰ ਸੀ, ਉਹ ਹੁਣ ਹਰਨੇਕ ਸਿੰਘ ਤੋਂ ਨੇਕੂ ਬਣ

ਗਿਆ ਏ...ਓ.ਕੇ. ਬਾਏ ਬਾਏ।

*(ਬਾਹਰ ਚਲੀ ਜਾਂਦੀ ਹੈ।)*

ਬੀਜੀ : ਵੇ ਪੁੱਤਰਾ...ਇਹ ਕੀ ਗੱਲ ਹੋਈ, ਇਹ ਵਹੁਟੀ ਤਾਂ ਗੱਲਾਂ ਹੀ ਹੋਰ ਤਰ੍ਹਾਂ ਦੀਆਂ ਕਰਦੀ ਏ।

ਹਰਨੇਕ : ਬੀਜੀ ਇਹ ਕੈਨੇਡਾ ਏ...ਇਥੇ ਵਹੁਟੀਆਂ ਹੋਰ ਤਰ੍ਹਾਂ ਦੀਆਂ ਗੱਲਾਂ ਹੀ ਕਰਦੀਆਂ ਨੇ...ਤੁਸੀਂ ਫ਼ਿਕਰ ਨਾ ਕਰੋ ਤੇ ਆਪਣੇ ਮਜ਼ੇ ਨਾਲ ਰਵੋ।

ਬੀਜੀ : ਵੇ ਮਜ਼ੇ ਨਾਲ ਸਵਾਹ ਰਵਾਂ...ਸਾਰਾ ਦਿਨ ਹੱਥ 'ਤੇ ਹੱਥ ਰੱਖ ਕੇ ਬੈਠੀ ਰਹਿੰਦੀ ਹਾਂ...ਤੇਰੇ ਬਾਪੂ ਜੀ ਤਾਂ ਅਖ਼ਬਾਰ ਵੀ ਪੜ੍ਹ ਲੈਂਦੇ ਨੇ, ਸੈਰ ਵੀ ਕਰ ਲੈਂਦੇ ਤੇ ਮੈਂ ਤਤੜੀ ਘਰ ਹੀ...।

ਹਰਨੇਕ : ਬੀਜੀ ਤੁਸੀਂ ਵੀ ਅਖ਼ਬਾਰ ਪੜ੍ਹ ਲਿਆ ਕਰੋ...ਇਥੇ ਗੁਰਮੁਖੀ ਵਿਚ ਵੀ ਅਖ਼ਬਾਰਾਂ ਛਪਦੀਆਂ ਨੇ...ਸਾਰੀਆਂ ਖ਼ਬਰਾਂ ਉਨ੍ਹਾਂ ਵਿਚ ਹੁੰਦੀਆਂ ਨੇ।

ਬੀਜੀ : ਕਿਹੋ ਜਿਹੀਆਂ ਖ਼ਬਰਾਂ।

ਹਰਨੇਕ : ਸਾਰੀਆਂ ਖ਼ਬਰਾਂ, ਚੋਰ ਬਾਜ਼ਾਰੀ ਦੀਆਂ ਖ਼ਬਰਾਂ...ਕਿਸਾਨਾਂ ਦੀਆਂ ਖ਼ਬਰਾਂ, ਮੰਡੀ ਵਿਚ ਰੁਲ ਜਾਣ ਦੀਆਂ ਖ਼ਬਰਾਂ, ਅਕਾਲੀਆਂ ਦੇ ਇਕ ਹੋ ਜਾਣ ਦੀਆਂ ਖ਼ਬਰਾਂ, ਅਕਾਲੀਆਂ ਦੇ ਟੁੱਟ ਜਾਣ ਦੀਆਂ ਖ਼ਬਰਾਂ, ਹਰਚਰਨ ਸਿੰਘ ਬਰਾੜ ਦੀਆਂ ਖ਼ਬਰਾਂ, ਬੇਅੰਤ ਸਿੰਘ ਦੀ ਖ਼ਬਰਾਂ, ਬੇਅੰਤ ਸਿੰਘ ਦੇ ਪੋਤਰੇ ਦੀਆਂ ਖ਼ਬਰਾਂ...।

*(ਇਥੇ ਬਾਪੂ ਜੀ ਆਉਂਦੇ ਹਨ।)*

ਬਾਪੂ : ਹਰਨੇਕ ਤੇਰੀ ਮਾਂ ਨੇ ਕਦੇ ਪਿੰਡ ਅਖ਼ਬਾਰ ਨਹੀਂ ਪੜ੍ਹੀ ਸੀ, ਇਥੇ ਕੀ ਪੜ੍ਹੇਗੀ...ਉਂਞ ਗੁਰਦੁਆਰੇ ਤੋਂ ਸਵੇਰੇ ਜਿਹੜਾ ਖ਼ਬਰਾਂ ਦਾ ਬੁਲਿਟਨ ਹੁੰਦਾ ਸੀ, ਉਹ ਇਹ ਆਪ ਵੀ ਸੁਣ ਕੇ ਆਉਂਦੀ ਸੀ ਤੇ ਅੱਗੋਂ ਮੈਨੂੰ ਵੀ ਸੁਣਾਉਂਦੀ ਸੀ। ਪਿੰਡ ਦੀਆਂ ਸਾਰੀਆਂ ਸੁਆਦਲੀਆਂ ਖ਼ਬਰਾਂ ਹੁੰਦੀਆਂ ਸਨ।

ਹਰਨੇਕ : ਕਿਹੋ ਜਿਹੀਆਂ ਖ਼ਬਰਾਂ ਬਾਪੂ ਜੀ ?

ਬਾਪੂ : ਇਹੋ ਕਿ ਬਾੜੀਆਂ ਦਾ ਰੌਸ਼ਨ ਪਿਉ ਤੋਂ ਵੱਖਰਾ ਹੋ ਗਿਆ ਏ, ਚੰਨੋ ਤੇ ਉਹਦੀ ਨੂੰਹ ਦੀ ਰਾਤ ਆਪਸ ਵਿਚ ਬੜੀ ਲੜਾਈ ਹੋਈ, ਚੱਠਿਆਂ ਦੇ ਨੂੰਹ ਦੇ ਔਲਾਦ ਨਹੀਂ ਸੀ ਹੁੰਦੀ, ਉਹ ਸਾਧਾਂ ਦੇ ਡੇਰੇ 'ਤੇ ਗਈ ਤਾਂ ਉਹਦੇ ਮੁੰਡਾ ਹੋ ਗਿਆ।

ਹਰਨੇਕ : ਬਾਪੂ ਜੀ ਮੁੰਡੇ ਦੇਣ ਵਾਲੇ ਸਾਧ ਤਾਂ ਇਥੇ ਵੀ ਆ ਗਏ ਨੇ...ਅਖ਼ਬਾਰਾਂ ਵਿਚ ਉਨ੍ਹਾਂ ਦੇ ਐਡ ਵੀ ਆਉਂਦੇ ਨੇ।

ਬਾਪੂ : ਲੈ ਇਹੀ ਗੱਲ ਤਾਂ ਮੈਂ ਤੇਰੇ ਨਾਲ ਕਰਨੀ ਸੀ, ਰਾਤੀਂ ਜਿਹੜੀ ਤੂੰ ਅਖ਼ਬਾਰ ਲਿਆਇਆ ਸੀ, ਉਸ ਵਿਚ ਇਕ ਬਾਬਾ ਘਣਸ਼ਾਮ ਦਾ ਇਸ਼ਤਿਹਾਰ ਸੀ, ਜਿਹੜਾ ਤਵੀਤ ਵੀ ਦੇਂਦਾ ਏ ਤੇ ਮੁੰਡੇ ਵੀ ਦੇਂਦਾ ਏ। ਮੈਂ ਤਾਂ ਪਛਾਣ ਲਿਆ ਕਿ ਉਹ ਤਾਂ ਆਪਣੇ ਨਾਲ ਦੇ ਪਿੰਡ ਘੋਲੀਆਂ ਦਾ ਘਣਸ਼ਾਮਾ ਏ, ਉਥੇ ਤਾਂ ਕੰਜਰ ਦੀਆਂ ਆਪਣੀਆਂ ਚਾਰ ਕੁੜੀਆਂ ਨੇ ਇਥੇ ਲੋਕਾਂ ਨੂੰ ਮੁੰਡੇ ਦਿੰਦਾ ਫਿਰਦਾ ਏ। ਇਹੋ ਜਿਹੀਆਂ ਗੱਲਾਂ ਬੜਾ ਹੈਰਾਨ ਕਰਦੀਆਂ ਨੇ।

ਹਰਨੇਕ : ਬਾਪੂ ਜੀ ਹੈਰਾਨ ਹੋਣ ਵਾਲੀ ਗੱਲ ਨਹੀਂ...ਇਥੇ ਬਹੁਤ ਕੁਝ ਇਸ ਤਰ੍ਹਾਂ ਦਾ ਜ਼ਰੂਰ ਏ, ਜੋ ਇਹ ਇਸਪਰੈਸ਼ਨ ਦਿੰਦਾ ਏ ਕਿ ਜ਼ਿੰਦਗੀ ਬਹੁਤ ਅੱਗੇ ਵਧ ਗਈ ਹੈ, ਪਰ ਸਭਿਆਚਾਰ ਦੇ ਲਿਹਾਜ਼ ਨਾਲ ਬਹੁਤ ਗੱਲਾਂ ਐਸੀਆਂ ਨੇ, ਜਿਹੜੀਆਂ ਦੱਸਦੀਆਂ ਨੇ ਕਿ ਅਸੀਂ ਉਥੇ ਦੇ ਉਥੇ ਖਲੋਤੇ ਹਾਂ।

ਬਾਪੂ : ਆਹੋ ਪੁੱਤਰਾ, ਇਹ ਗੱਲ ਸਾਫ਼ ਏ...ਪਿਛਲੇ ਹਫ਼ਤੇ ਜਿਹੜੇ ਵਿਆਹ ਤੇ ਮੈਨੂੰ ਲੈ ਗਿਆ ਸੀ, ਉਥੇ ਜਿਹੜੀਆਂ ਰਸਮਾਂ ਕੀਤੀਆਂ ਜਾ ਰਹੀਆਂ ਸਨ, ਉਹ ਦੱਸਦੀਆਂ ਸਨ ਕਿ ਇਥੇ ਆ ਕੇ ਵੱਸੇ ਸਾਡੇ ਭਰਾ ਕਈ ਗੱਲਾਂ ਵਿਚ ਸਾਡੇ ਤੋਂ ਬਹੁਤ ਪਿੱਛੇ ਨੇ।

*(ਇਸ ਦੌਰਾਨ ਹਰਨੇਕ ਆਪਣਾ ਕੋਟ ਅਤੇ ਟਿਫਨ ਚੁੱਕਦਾ ਹੈ।)*

ਹਰਨੇਕ : ਅੱਛਾ ਤਾਂ ਬਾਪੂ ਜੀ ਮੈਂ ਚਲਿਐਂ...ਬੀਜੀ ਜਦੋਂ ਲੋੜ ਪਵੇ ਤਾਂ ਚਾਹ ਬਣਾ ਲੈਣੀ, ਐਵੇਂ ਪਿਆਲੀ ਟੁੱਟਣ ਦਾ ਫ਼ਿਕਰ ਨਾ ਕਰਨਾ।

*(ਹਰਨੇਕ ਜਾਂਦਾ ਹੈ।)*

ਬਾਪੂ : ਆ ਹਰਨੇਕ ਦੀ ਮਾਂ...ਤੈਨੂੰ ਬਾਬੇ ਘਣਸ਼ਾਮੇ ਦੀ ਫ਼ੋਟੋ ਵਿਖਾਵਾਂ।

ਬੀਜੀ : ਫ਼ੋਟੋ ਤਾਂ ਹੋਈ...ਪਰ ਮੇਰੀ ਇਕ ਗੱਲ ਸੁਣ ਲਵੋ...ਨੂੰਹ ਦੇ ਤਿਉਰ ਕੋਈ ਚੰਗੇ ਨਹੀਂ।

ਬਾਪੂ : ਕਿਉਂ ਕੋਈ ਹੋਰ ਗੱਲ ਹੋ ਗਈ ਏ ?

ਬੀਜੀ : ਇਕ ਪਿਆਲੀ ਕੀ ਟੁੱਟ ਗਈ, ਸੌ ਸੌ ਗੱਲਾਂ ਸੁਣਾਈਆਂ ਕਿ ਸਾਰਾ ਸੈੱਟ ਖ਼ਰਾਬ ਹੋ ਗਿਆ ਏ...ਅਖੇ ਮੈਂ ਤਾਂ ਨਹੀਂ ਇਥੇ ਇਨ੍ਹਾਂ ਨੂੰ ਬੁਲਾਇਆ ਸੀ।

ਬਾਪੂ : ਚੱਲ ਗੁੱਸਾ ਨਹੀਂ ਕਰੀਦਾ...ਅਸੀਂ ਕਿਹੜਾ ਇਥੇ ਬੈਠੇ ਰਹਿਣਾ ਏ...ਕੁਝ ਦਿਨ ਰਹਿ ਕੇ ਵਾਪਸ ਚਲੇ ਜਾਵਾਂਗੇ।

ਬੀਜੀ : ਨਾ ਚਲੇ ਕਿਉਂ ਜਾਵਾਂਗੇ...ਆਪਣੇ ਪੁੱਤ ਦੇ ਘਰ ਆਏ ਹਾਂ।

ਬਾਪੂ : ਪੁੱਤ ਦਾ ਘਰ ਜ਼ਰੂਰ ਏ...ਪਰ ਇਸ 'ਤੇ ਨੂੰਹ ਰਾਣੀ ਦਾ ਵੀ ਹੱਕ ਏ। ਅਸਲ ਵਿਚ ਜਿਥੋਂ ਤਕ ਘਰਾਂ ਦਾ ਤਾਅਲੁਕ ਏ, ਇਹ ਨੂੰਹ

ਰਾਣੀਆਂ ਦੇ ਹੀ ਹੁੰਦੇ ਨੇ, ਕਿਉਂਕਿ ਘਰ ਚਲਾਉਣ ਦੀ ਜ਼ਿੰਮੇਵਾਰੀ ਉਨ੍ਹਾਂ 'ਤੇ ਹੀ ਹੁੰਦੀ ਏ। ਸਾਡੀ ਕਿਸੇ ਕਿਸਮ ਦੀ ਦਖ਼ਲਅੰਦਾਜ਼ੀ ਠੀਕ ਨਹੀਂ।

ਬੀਜੀ : ਦਖ਼ਲਅੰਦਾਜ਼ੀ।

ਬਾਪੂ : ਜਿਸ ਤਰ੍ਹਾਂ ਪਿੰਡ ਵਾਲਾ ਘਰ ਤੇਰਾ ਏ ਤੇ ਤੂੰ ਉਸ ਵਿਚ ਕੋਈ ਦਖ਼ਲਅੰਦਾਜ਼ੀ ਬਰਦਾਸ਼ਤ ਨਹੀਂ ਕਰਦੀ, ਇਥੋਂ ਤਕ ਮੇਰੀ ਵੀ।

ਬੀਜੀ : ਤੇ ਤੁਸੀਂ ਦਖ਼ਲਅੰਦਾਜ਼ੀ ਕਰਨੋਂ ਕਿਹੜਾ ਬਾਜ਼ ਆਉਂਦੇ ਹੋ...ਨਾਮੋ ਪਿੱਛੇ ਕਿੰਨਾ ਬਖੇੜਾ ਪਾਇਆ।

ਬਾਪੂ : ਬਖੇੜਾ ਕਾਹਦਾ ਪਾਇਆ...ਇਹੀ ਕਿਹਾ ਕਿ ਤਿੰਨਾਂ ਪੀੜ੍ਹੀਆਂ ਤੋਂ ਉਹ ਸਾਡੇ ਘਰ ਕੰਮ ਕਰਦੀ ਏ...ਦਾਦਾ ਜੀ ਵੇਲੇ ਵੀ ਉਹੀ ਸੀ, ਬਾਪੂ ਜੀ ਵੇਲੇ ਵੀ ਉਹੀ ਕੰਮ ਸੀ, ਜਿੰਨਾ ਚਿਰ ਉਹ ਜਿਊਂਦੀ ਹੈ, ਉਹਨੂੰ ਹਟਾਉਣਾ ਥੋੜਾ ਏ, ਤਿੰਨਾਂ ਪੀੜੀਆਂ ਤੋਂ ਉਹਦਾ ਸਾਡੇ ਨਾਲ ਰਿਸ਼ਤਾ ਏ।

ਬੀਜੀ : ਰਿਸ਼ਤਾ ਏ'ਂ ਇਹਦਾ ਮਤਲਬ ਇਹ ਨਹੀਂ ਕਿ ਉਹਨੂੰ ਸਿਰ 'ਤੇ ਬਿਠਾ ਲਈਏ, ਕੰਮ ਤਾਂ ਉਹਦੇ ਤੋਂ ਹੁੰਦਾ ਨਹੀਂ।

ਬਾਪੂ : ਕੰਮ ਨਹੀਂ ਹੁੰਦਾ ਤਾਂ ਕਿਸੇ ਹੋਰ ਕੋਲੋਂ ਕਰਵਾ ਲਉ, ਪਰ ਜਿੰਨਾ ਚਿਰ ਉਹ ਜੀਊਂਦੀ ਏ, ਨਾ ਹੀ ਉਹ ਹਟਾਈ ਜਾ ਸਕਦੀ ਏ ਤੇ ਨਾ ਹੀ ਉਹਨੂੰ, ਜੋ ਮਹੀਨਾ ਦਿੱਤਾ ਹੈ, ਉਹ ਬੰਦ ਕੀਤਾ ਜਾ ਸਕਦਾ ਹੈ।

ਬੀਜੀ : ਫਿਰ ਲਾ ਦਿਉ ਪੈਨਸ਼ਨ ਸਰਕਾਰ ਵਾਂਗ।

ਬਾਪੂ : ਮੇਰਾ ਵੱਸ ਚੱਲੇ ਤਾਂ ਲਾ ਹੀ ਦੇਵਾਂ...ਉਹਦੀ ਕੀ ਸਾਰੇ ਬਜ਼ੁਰਗਾਂ ਦੀ ਲਾ ਦੇਵਾਂ। ਸਾਡੇ ਸਾਰੇ ਵਰਤਾਰੇ ਵਿਚ ਨੁਕਸ ਹੀ ਇਹੋ ਵੇ ਕਿ ਕਿਥੇ ਬੰਦੇ ਨੂੰ ਹਰ ਵੇਲੇ ਇਹੀ ਫ਼ਿਕਰ ਲੱਗਾ ਰਹਿੰਦਾ ਏ ਕਿ ਬੁੱਢੇ ਵਾਰੇ ਉਹਦੀ ਕੌਣ ਸੇਵਾ ਕਰੇਗਾ। ਇਸ ਮੁਲਕ ਵਿਚ ਇਹ ਫ਼ਿਕਰ ਨਹੀਂ।

ਬੀਜੀ : ਤੁਹਾਨੂੰ ਕਿਸ ਤਰ੍ਹਾਂ ਪਤਾ ਏ ?

ਬਾਪੂ : ਮੈਂ ਬੁੱਢਿਆਂ ਦੇ ਕਲੱਬ ਬੜੀ ਵਾਰ ਗਿਆ ਹਾਂ...ਹੱਸਦੇ ਨੇ, ਤਾਸ਼ ਖੇਡਦੇ ਨੇ, ਸਵੇਰੇ ਤਿਆਰ ਹੋ ਕੇ ਘਰੋਂ ਨਿਕਲ ਜਾਂਦੇ ਨੇ...ਘਰਾਂ ਵਾਲਿਆਂ ਨੂੰ ਚੁਭਦੇ ਨਹੀਂ, ਕਿਉਂਕਿ ਆਪਣੀ ਪੈਨਸ਼ਨ ਦੀ ਰਕਮ ਦਾ ਲਿਫ਼ਾਫ਼ਾ ਘਰ ਵਾਲਿਆਂ ਨੂੰ ਦੇਂਦੇ ਨੇ...ਨੂੰਹਾਂ ਵੀ ਖ਼ੁਸ਼ ਹੋ ਜਾਂਦੀਆਂ ਨੇ।

ਬੀਜੀ : ਤੁਸੀਂ ਵੀ ਕੋਈ ਲਿਫ਼ਾਫ਼ਾ ਨੂੰਹ ਰਾਣੀ ਨੂੰ ਦੇ ਦਿਆ ਕਰੋ ਤਾਂ ਜੋ ਮੇਰੇ ਕੋਲੋਂ ਪਿਆਲੀ ਟੁੱਟਣ 'ਤੇ ਨੱਕ ਮੂੰਹ ਨਾ ਵੱਟਿਆ ਕਰੇ। ਹੁਣ ਪਿਆਰ ਮੁਹੱਬਤ ਸਾਰਾ ਲਿਫ਼ਾਫ਼ਿਆਂ ਤਕ ਹੀ ਰਹਿ ਗਿਆ ਏ।

ਬਾਪੂ : ਹਰਨੇਕ ਦੀ ਮਾਂ ਇਸ ਵਿਚ ਕੀ ਸ਼ੱਕ ਏ ਕਿ ਅੱਜ ਦੀ ਦੁਨੀਆ ਵਿਚ ਲਿਫ਼ਾਫ਼ੇ ਦੀ ਕਦਰ ਬੜੀ ਵਧ ਗਈ ਏ, ਇਥੇ ਵੀ ਤੇ ਆਪਣੇ ਮੁਲਕ ਵਿਚ ਵੀ...ਆਪਣੇ ਮੁਲਕ ਵਿਚ ਤਾਂ ਸਾਰੀ ਸਿਆਸਤ ਹੀ ਹੁਣ ਲਿਫ਼ਾਫ਼ੇ ਦੀ ਹੋ ਕੇ ਰਹਿ ਗਈ ਏ।

ਬੀਜੀ : ਉਹ ਕਿਸ ਤਰ੍ਹਾਂ ?

ਬਾਪੂ : ਲਿਫ਼ਾਫ਼ੇ ਦਾ ਮਤਲਬ ਹੁੰਦਾ ਏ ਖ਼ੁਫੀਆ ਰਕਮ...ਜੇ ਵਿਰੋਧੀ ਪਾਰਟੀ ਦੇ ਐੱਮ.ਐੱਲ.ਏ. ਖਰੀਦਣੇ ਹੋਣ ਤਾਂ ਵੱਖ ਵੱਖ ਰਕਮਾਂ ਦੇ ਲਿਫ਼ਾਫ਼ੇ ਬੈਗ ਵਿਚ ਪਾ ਦਿਉ...ਜਿੰਨਾ ਕਿਸੇ ਦਾ ਮੁੱਲ ਹੋਵੇਗਾ, ਉਸ ਰਕਮ ਦਾ ਲਿਫ਼ਾਫ਼ਾ ਉਸ ਨੂੰ ਫੜਾ ਦੇਵੋ।

ਬੀਜੀ : ਨਾ ਹੁਣ ਐੱਮ.ਐੱਲ.ਏ. ਵੀ ਵਿਕਾਊ ਮਾਲ ਹੋ ਗਏ ਨੇ ?

ਬਾਪੂ : ਐੱਮ.ਐੱਲ.ਏ. ਜਿਨ੍ਹਾਂ ਨੂੰ ਲੋਕਾਂ ਚੁਣਿਆ ਹੁੰਦਾ ਏ, ਉਨ੍ਹਾਂ ਨੂੰ ਲੋਕਾਂ ਦੀ ਪਰਵਾਹ ਨਹੀਂ ਹੁੰਦੀ, ਲਿਫ਼ਾਫ਼ਿਆਂ ਦੀ ਪਰਵਾਹ ਹੁੰਦੀ ਏ। ਲੀਡਰ ਤਾਂ ਆਪਣੇ ਪੈਰੋਕਾਰਾਂ ਨੂੰ ਬਸ ਵਿਚ ਬਿਠਾ ਕੇ ਦੂਰ ਕਿਤੇ ਲੈ ਜਾਂਦੇ ਨੇ ਤੇ ਪਹਿਰਾ ਦੇਂਦੇ ਨੇ ਕਿ ਕੋਈ ਹੋਰ ਉਨ੍ਹਾਂ ਨੂੰ ਲਿਫ਼ਾਫ਼ਾ ਨਾ ਫੜਾ ਦੇਵੇ।

ਬੀਜੀ : ਮੈਂ ਗੱਲ ਨੂੰਹ ਰਾਣੀ ਦੀ ਕਰ ਰਹੀ ਸਾਂ, ਤੁਸੀਂ ਲਿਫ਼ਾਫ਼ਿਆਂ ਦੀ ਕਥਾ ਛੇੜ ਦਿੱਤੀ।

ਬਾਪੂ : ਇਹਦੇ ਬਾਰੇ ਵੀ ਸੋਚ ਲਵਾਂਗੇ, ਪਹਿਲੇ ਤੈਨੂੰ ਬਾਬੇ ਘਣਸ਼ਾਮ ਦੀ ਫੋਟੋ ਵਿਖਾਵਾਂ...ਆਸਨ 'ਤੇ ਇਸ ਤਰ੍ਹਾਂ ਬੈਠਾ ਹੈ, ਜਿਸ ਤਰ੍ਹਾਂ ਚੰਦਰਾਸਵਾਮੀ ਉਹੀ ਹੋਵੇ...ਭਾਵੇਂ ਇਹ ਗੱਲ ਵੱਖਰੀ ਏ ਕਿ ਨਾ ਹੀ ਉਹਦਾ ਕੋਈ ਮਹਿਲ ਏ, ਨਾ ਹੀ ਕੋਈ ਮੰਤਰੀ ਉਹਦੀ ਡੰਡੋਤ ਕਰਦਾ ਏ ਤੇ ਨਾ ਹੀ ਉਹਨੂੰ ਮੁਫ਼ਤ ਬਿਜਲੀ ਪਾਣੀ ਮਿਲਦਾ ਏ...(ਜਾਂਦੇ ਜਾਂਦੇ) ਉਥੇ ਉਹ ਘਣਸ਼ਾਮ ਸੀ, ਇਥੇ ਉਹ ਬਾਬਾ ਘਣਸ਼ਾਮ ਬਣ ਗਿਆ ਏ।

*(ਦੋਨੋਂ ਜਾਂਦੇ ਹਨ, ਹੌਲੀ ਹੌਲੀ ਫੇਡ ਆਊਟ)*

## ਸੀਨ 2

ਦੀਪ : ਮੇਰੀ ਇਕ ਗੱਲ ਸੁਣ ਲਵੋ...ਤੁਹਾਡਾ ਕੋਈ ਹੱਕ ਨਹੀਂ ਕਿ ਮੇਰੀ ਜ਼ਿੰਦਗੀ ਨੂੰ ਹੈੱਲ ਬਣਾਉ।

ਹਰਨੇਕ : ਮੈਂ ਸਮਝਿਆ ਨਹੀਂ ਕਿ ਤੇਰੀ ਜ਼ਿੰਦਗੀ ਇਥੇ ਹੈੱਲ ਬਣ ਗਈ ਏ ਤੇ ਇਸ ਤੋਂ ਅੱਗੇ ਮੈਂ ਇਹ ਹੈੱਲ ਬਣਾ ਦਿੱਤੀ ਏ।

ਦੀਪ : ਇਹੋ ਤਾਂ ਸਾਰੀ ਪ੍ਰੋਬਲਮ ਏ ਕਿ ਤੁਸੀਂ ਸਮਝਦੇ ਕੁਝ ਨਹੀਂ।

ਹਰਨੇਕ : ਤੂੰ ਕੁਝ ਸਮਝਾਵੇਂ ਵੀ...ਤੂੰ ਤਾਂ ਹਰ ਸਮੇਂ ਚੜ੍ਹੇ ਘੋੜੇ ਸਵਾਰ ਰਹਿੰਦੀ ਏਂ...ਜਿਸ ਤਰ੍ਹਾਂ ਕੋਈ ਜੰਗ ਲੱਗੀ ਹੋਈ ਏ।

ਦੀਪ : ਆਹੋ ਜੰਗ ਹੀ ਲੱਗੀ ਹੋਈ ਏ...ਤੁਸੀਂ ਤਾਂ ਆਪਣਾ ਫ਼ਰਜ਼ ਪੂਰਾ ਕਰ ਲਿਆ ਕਿ ਪੈਰੇਂਟਸ ਨੂੰ ਇਥੇ ਬੁਲਾ ਲਿਆ ਤੇ ਤੁਹਾਨੂੰ ਇਹ ਵੀ ਤਸੱਲੀ ਹੋ ਗਈ ਕਿ ਉਹ ਇਥੇ ਆਰਾਮ ਨਾਲ ਰਹਿ ਰਹੇ ਨੇ... ਉਨ੍ਹਾਂ ਦੀ ਖਿਦਮਤ ਹੋ ਰਹੀ ਏ, ਪਰ ਮੇਰੇ ਘਰ ਦੀ ਸਾਰੀ ਪ੍ਰਾਈਵੇਸੀ ਖ਼ਤਮ ਹੋ ਗਈ ਏ।

ਹਰਨੇਕ : ਨਾ ਇਥੇ ਤੈਨੂੰ ਕੋਈ ਕੁਝ ਕਹਿੰਦਾ ਏ।

ਦੀਪ : ਹਾਂ ਕਹਿੰਦਾ ਏ...ਮੈਂ ਅੱਠ ਘੰਟੇ ਕੰਮ ਤੋਂ ਬਾਅਧ ਵਾਪਸ ਆਉਂਦੀ ਹਾਂ...ਮੇਰਾ ਜੀਅ ਕਰਦਾ ਏ ਕਿ ਕੱਪੜੇ ਲਾਹ ਕੇ ਕੁਝ ਦੇਰ ਆਰਾਮ ਕਰਾਂ...ਭਾਵ ਰੀਲੈਕਸ ਕਰਾਂ, ਪਰ ਮਾਂ ਜੀ, ਬਾਪੂ ਜੀ ਦੀ ਹਾਜ਼ਰੀ ਵਿਚ ਮੈਂ ਇਹ ਨਹੀਂ ਕਰ ਸਕਦੀ।

ਹਰਨੇਕ : ਕੀ ਤੈਨੂੰ ਉਹੀ ਕਿਸੇ ਗੱਲ ਤੋਂ ਮਨ੍ਹਾਂ ਕਰਦੇ ਨੇ ? ਕਿਸੇ ਗੱਲ ਵਿਚ Interfere ਕਰਦੇ ਨੇ ?

ਦੀਪ : ਉਹ ਮਨ੍ਹਾ ਨਹੀਂ ਕਰਦੇ, Interfere ਵੀ ਨਹੀਂ ਕਰਦੇ, ਪਰ ਉਨ੍ਹਾਂ ਦੀ presence ਮਨ੍ਹਾ ਕਰਦੀ ਏ ਤੇ Interfere ਵੀ ਕਰਦੀ ਏ, ਸਾਨੂੰ ਇਸ ਗੱਲ ਦਾ ਕੋਈ ਹੱਲ ਲੱਭਣਾ ਪੈਣਾ ਹੈ...presence This situation can't continue

ਹਰਨੇਕ : ਮੈਂ ਲੱਭ solution ਰਿਹਾ ਹਾਂ, ਮੈਂ ਬਹੁਤੀ accomodation ਵਾਲੇ ਘਰ ਦੀ ਤਲਾਸ਼ ਕਰਦਾ ਹਾਂ।

ਦੀਪ : ਉਹਦੇ ਲਈ ਪੈਸਾ ਕਿਥੋਂ ਆਵੇਗਾ...ਬੈਂਕ ਲੋਨ ਲਵੋਗੇ ਤਾਂ ਉਹ ਲੋਨ ਲਾਹੁੰਦੇ ਹੋਏ ਆਪਣੀ ਵੀ ਤੇ ਮੇਰੀ ਵੀ ਜ਼ਿੰਦਗੀ ਹੋਰ ਨਰਕ ਬਣਾਉਗੇ...ਕੀ ਅਸੀਂ ਇਹ ਨਹੀਂ ਕਰ ਸਕਦੇ ਕਿ ਇਨ੍ਹਾਂ ਨੂੰ ਵਾਪਸ ਭੇਜ ਦੇਈਏ ਤੇ ਉਥੇ ਇਨ੍ਹਾਂ ਦੀ ਜ਼ਿੰਦਗੀ ਨੂੰ ਹੋਰ comforts provide ਕਰੀਏ।

ਹਰਨੇਕ : ਕੀ comforts provide ਕਰੀਏ ?

ਦੀਪ : ਜੋ ਇਨ੍ਹਾਂ ਨੂੰ ਇਥੇ provide ਕਰ ਰਹੇ ਹਾਂ ਜਾਂ ਜੋ comforts provide ਕਰਨ ਲਈ ਅਸੀਂ ਇਨ੍ਹਾਂ ਨੂੰ ਇਥੇ ਲੈ ਕੇ ਆਏ ਹਾਂ, ਅਸੀਂ ਪਿੰਡ ਦੇ ਘਰ ਵਿਚ ਇਕ ਚੰਗਾ ਬਾਥਰੂਮ ਬਣਵਾਈਏ...ਕਿਚਨ ਵਿਚ electronic device ਲਗਵਾਈਏ...ਕਿਚਨ ਦਾ ਡਿਜ਼ਾਇਨ ਬਣਵਾਈਏ...ਖੜੇ ਖਲੋਤੇ ਬਾਪੂ ਜੀ ਵੀ ਲੋੜ ਮੁਤਾਬਕ ਚਾਹ ਬਣਾ ਲੈਣ।

ਹਰਨੇਕ : ਤੇ ਡਬਲ ਬੈੱਡ ਵੀ ਬਣਵਾ ਦੇਈਏ ਕਿ ਜਿਸ ਉੱਤੇ ਬੀਜੀ ਬਾਪੂ ਜੀ ਇਕੱਠੇ ਸੌਣ ਤੇ ਪਿੰਡ ਵਿਚ ਜਲੂਸ ਨਿਕਲ ਜਾਵੇ।

ਦੀਪ : ਜਲੂਸ ਕਿਉਂ ਨਿਕਲ ਜਾਵੇ...After all they are husband and wife.

ਹਰਨੇਕ : ਤੂੰ ਕਿਹੜੀ ਹਵਾ ਦੀਆਂ ਗੱਲਾਂ ਕਰਦੀ ਏਂ...ਤੈਨੂੰ ਇੰਡੀਆ ਦੇ ਪਿੰਡਾਂ ਦਾ ਕੀ ਪਤਾ।

ਦੀਪ : ਪਤਾ ਕਿਉਂ ਨਹੀਂ...ਚੰਡੀਗੜ੍ਹ ਵੀ ਤਾਂ ਇੰਡੀਆ ਵਿਚ ਹੀ ਹੈ...ਉਥੇ ਇਹ ਸਭ ਆਮ ਹਨ...ਉਥੇ ਤਾਂ ਕਿਸੇ ਦਾ ਜਲੂਸ ਨਹੀਂ ਨਿਕਲਦਾ...ਖੈਰ, ਇਹ ਸਭ ਤੁਹਾਡੀ ਪ੍ਰੋਬਲਮ ਹੈ, ਆਖ਼ਰ ਉਹ ਤੁਹਾਡੇ ਮਾਂ ਪਿਉ ਨੇ।

ਹਰਨੇਕ : ਤੇਰੇ ਕੁਝ ਨਹੀਂ ਲੱਗਦੇ ?

ਦੀਪ : ਜੇ ਤੁਹਾਡੇ ਲੱਗਦੇ ਨੇ ਤਾਂ ਮੇਰੇ ਵੀ ਲੱਗਦੇ ਨੇ...ਪਰ ਇਹਦਾ ਮਤਲਬ ਇਹ ਨਹੀਂ ਕਿ ਮੈਂ ਉਨ੍ਹਾਂ ਨੂੰ ਸਿਰ ’ਤੇ ਬਿਠਾ ਲਵਾਂ ਤੇ ਆਪਣੀ ਜ਼ਿੰਦਗੀ ਨਰਕ ਬਣਾ ਲਵਾਂ।

ਹਰਨੇਕ : ਮੈਂ ਇਹਦੇ ਬਾਰੇ ਸੋਚਾਂਗਾ।

ਦੀਪ : ਸੋਚਣਾ ਨਹੀਂ, ਤੁਹਾਨੂੰ ਕੁਝ ਕਰਨਾ ਪਵੇਗਾ। Mr. Hernek Singh you will have to do something. (ਚਲੀ ਜਾਂਦੀ ਹੈ।)

*(ਬੀਜੀ ਤੇ ਬਾਪੂ ਜੀ ਗੱਲਾਂ ਕਰਦੇ ਪ੍ਰਵੇਸ਼ ਕਰਦੇ ਹਨ।)*

ਬੀਜੀ : ਮੇਰੀ ਇਹ ਗੱਲ ਸੁਣ ਲਵੋ...ਤੁਹਾਨੂੰ ਕੁਝ ਨਾ ਕੁਝ ਕਰਨਾ ਪਵੇਗਾ...ਇਸ ਤਰ੍ਹਾਂ ਗੱਲ ਨਹੀਂ ਬਨਣੀ।

ਹਰਨੇਕ : ਬੀਜੀ, ਬਾਪੂ ਜੀ ਨੂੰ ਮੇਰਾ ਮਤਲਬ ਤੁਹਾਡੇ ਵਾਲੇ ਹਰਨੇਕ ਸਿੰਘ ਨੂੰ ਕੀ ਕਰਨਾ ਪਵੇਗਾ।

ਬੀਜੀ : ਫ਼ੈਸਲਾ ਕਰਨਾ ਪਵੇਗਾ ਕਿ ਇਥੇ ਰਹਿਣਾ ਹੈ ਤਾਂ ਕਿੰਝ ਰਹਿਣਾ ਏ...ਕਿੰਝ ਵਕਤ ਗੁਜ਼ਾਰਨਾ ਏ...ਕੀ ਕਰਨਾ ਏ...ਤੇ ਜੇ ਵਾਪਸ ਜਾਣਾ ਏ ਤਾਂ ਕਦੋਂ ਜਾਣਾ ਏ...ਇਹ ਨਹੀਂ ਕਿ ਬਸ ਸਟੈਂਡ ’ਤੇ ਕੱਲੀ ਖੜੀ ਰਹਾਂ ਤੇ ਇਹ ਪਿੰਡ ਵਾਲੇ ਸੋਹਣ ਸਿੰਘ ਨਾਲ ਘੰਟੇ ਬੱਧੀ ਗੱਲਾਂ ਕਰੀ ਜਾਣ।

ਹਰਨੇਕ : ਅੱਛਾ, ਗੁਰਦੁਆਰੇ ਚਾਚਾ ਸੋਹਣ ਸਿੰਘ ਮਿਲ ਗਿਆ ਸੀ।

ਬਾਪੂ : ਆਹੋ...ਉਹਦੇ ਨਾਲ ਗੱਲਾਂ ਸ਼ੁਰੂ ਹੋ ਗਈਆਂ। ਬੜੇ ਸਾਲਾਂ ਤੋਂ ਇਥੇ ਰਹਿ ਰਿਹਾ ਹੈ। ਆਇਆ ਤਾਂ ਪੁੱਤਰ ਦੇ ਬੁਲਾਉਣ ’ਤੇ ਸੀ, ਪਰ ਹੁਣ ਵੱਖਰਾ ਰਹਿ ਰਿਹਾ ਹੈ। ਮੈਨੂੰ ਪੁੱਛਣ ਲੱਗਾ, ਮਾਸਟਰ ਜੀ ਕਿਹੋ ਜਿਹਾ ਲੱਗਾ ਕੈਨੇਡਾ ?

ਬੀਜੀ : ਤੇ ਬਸ ਫਿਰ ਸ਼ੁਰੂ ਹੋ ਗਏ ਮਾਸਟਰਾਂ ਵਾਂਗ ਭਾਸ਼ਣ ਦੇਣ ਕਿ ਗੁਰੂਆਂ ਨੇ ਤਾਂ ਜ਼ਾਤ ਪਾਤ ਦੇ ਵਿਤਕਰੇ ਦੂਰ ਕੀਤੇ ਸਨ ਤੇ ਇਥੇ ਗੁਰੂਆਂ ਦੇ ਘਰ ਹੀ ਜ਼ਾਤਾਂ ਦੇ ਨਾਂ 'ਤੇ ਉਸਾਰੇ ਜਾਂਦੇ ਹਨ। ਪਿੰਡੋਂ ਚੱਲ ਕੇ ਕੈਨੇਡਾ ਆ ਗਏ ਨੇ, ਪਰ ਮੁੰਡਿਆਂ ਨੂੰ ਪੜ੍ਹਾਉਣ ਵਾਲੀ ਲੰਮੀ ਗੱਲ ਕਰਨ ਦੀ ਆਦਤ ਨਹੀਂ ਗਈ।

ਬਾਪੂ : ਤੇ ਤੂੰ ਪਿੰਡੋਂ ਚੱਲ ਕੇ ਕੈਨੇਡਾ ਆ ਗਈ ਏਂ, ਤੇਰੀ ਵਿਚੋਂ ਗੱਲ ਟੋਕਣ ਦੀ ਆਦਤ ਨਹੀਂ ਗਈ।

ਹਰਨੇਕ : ਤੇ ਹੋਰ ਕੀ ਕਹਿੰਦਾ ਸੀ ਚਾਚਾ ਸੋਹਣ ਸਿੰਘ।

ਬਾਪੂ : ਕਹਿੰਦਾ ਸੀ ਕਿਸੇ ਵੇਲੇ ਆਵੇਗਾ...ਕਈ ਕੰਮਾਂ ਬਾਰੇ ਦੱਸਦਾ ਸੀ ਤੇ ਕੁਝ ਕੰਮ ਨੇ, ਜਿਹੜੇ ਤੇਰੀ ਮਾਂ ਵੀ ਕਰ ਸਕਦੀ ਹੈ।

ਹਰਨੇਕ : ਕਿਹੜੇ ਕੰਮ ?

ਬਾਪੂ : ਅਖੇ ਬਣੇ ਬਣਾਏ ਮਤਲਬ ਕਿ Readymade clothes ਬਣਾਉਣ ਦੇ...ਤੀਵੀਆਂ ਲਈ ਉਥੇ ਬਹੁਤ ਨੇ, ਪਰ ਅਸੀਂ ਫ਼ੈਸਲਾ ਨਹੀਂ ਕੀਤਾ ਕਿ ਇਥੇ ਰਹਿਣਾ ਵੀ ਹੈ ਕਿ ਨਹੀਂ...ਫੈਸਲੇ ਲੈਣੇ ਕੋਈ ਆਸਾਨ ਕੰਮ ਨਹੀਂ ਹੁੰਦੇ।

ਹਰਨੇਕ : ਹਾਂ ਬਾਪੂ ਜੀ, ਫ਼ੈਸਲੇ ਲੈਣੇ ਆਸਾਨ ਨਹੀਂ ਹੁੰਦੇ ਤੇ ਜਦੋਂ ਕੋਈ ਫ਼ੈਸਲਾ ਨਹੀਂ ਲੈ ਸਕਦਾ ਤਾਂ ਉਹ ਸੰਤਾਪ ਦੀ ਹਾਲਤ ਵਿਚ ਆ ਜਾਂਦਾ ਏ।

ਬਾਪੂ : ਸੰਤਾਪ...ਕਿਹੜੇ ਸੰਤਾਪ ਦੀ ਗੱਲ ਕਰਦਾ ਏਂ ਪੁੱਤ...ਬੜਾ ਉਦਾਸ ਲੱਗਦਾ ਏਂ...ਕੀ ਨੂੰਹ ਰਾਣੀ ਨਾਲ ਫੇਰ ਕਿਸੇ ਗੱਲ ਤੋਂ ਤਕਰਾਰ ਹੋ ਗਿਆ।

ਬੀਜੀ : ਮੇਰੇ ਕੋਲੋਂ ਤਾਂ ਉਸ ਦਿਨ ਤੋਂ ਬਾਅਦ ਕੋਈ ਪਿਆਲੀ ਨਹੀਂ ਟੁੱਟੀ।

ਹਰਨੇਕ : ਨਹੀਂ ਬੀਜੀ...ਪਿਆਲੀ ਟੁੱਟਣ ਦੀ ਗੱਲ ਨਹੀਂ...ਤੁਹਾਡੀ ਨੂੰਹ ਰਾਣੀ ਸਮਝਦੀ ਏ ਕਿ ਤੁਹਾਡੇ ਆਉਣ ਨਾਲ ਉਹਦੀ ਆਜ਼ਾਦੀ ਵਿਚ ਫ਼ਰਕ ਪੈ ਗਿਆ ਏ...ਉਹ ਆਪਣੇ ਘਰ ਵਿਚ ਉਸ ਤਰ੍ਹਾਂ ਖੁੱਲ੍ਹ ਕੇ ਤੁਰ ਫਿਰ ਨਹੀਂ ਸਕਦੀ, ਜਿਸ ਤਰ੍ਹਾਂ ਪਹਿਲਾਂ ਤੁਰਦੀ ਫਿਰਦੀ ਸੀ ਤੇ ਮੈਂ ਸੋਚ ਰਿਹਾ ਸਾਂ ਕਿ Mortgage 'ਤੇ ਵੱਡਾ ਘਰ ਲੈ ਲਵਾਂ... ਹਾਲੇ ਮੈਂ ਇਹਦਾ ਫ਼ੈਸਲਾ ਨਹੀਂ ਕਰ ਸਕਿਆ।

ਬਾਪੂ : ਤੈਨੂੰ ਮਾਰਟਗੇਜ਼ 'ਤੇ ਘਰ ਲੈਣ ਦੀ ਲੋੜ ਨਹੀਂ...ਜਿਸ ਤਰ੍ਹਾਂ ਤੂੰ ਸੰਤਾਪ ਵਿਚੋਂ ਲੰਘ ਰਿਹਾ ਹੈਂ...ਅਸੀਂ ਵੀ ਸੰਤਾਪ ਭੋਗ ਰਹੇ ਹਾਂ ਤੇ ਫ਼ੈਸਲਾ ਨਹੀਂ ਕਰ ਪਾ ਰਹੇ ਕਿ ਅਸੀਂ ਇਥੇ ਰਹੀਏ ਕਿ ਵਾਪਸ ਚਲੇ ਜਾਈਏ।

ਬੀਜੀ : ਨੂੰਹ ਰਾਣੀ ਸਾਡੇ ਨਾਲ ਤਾਂ ਕਦੇ ਉੱਚਾ ਨੀਵਾਂ ਨਹੀਂ ਬੋਲੀ, ਪਰ ਇਹ ਸਾਫ਼ ਏ ਕਿ ਸਾਡੇ ਇਥੇ ਆਉਣ ਨਾਲ ਉਹਦੀ ਖ਼ੁਸ਼ੀ ਵਿਚ ਵਿਘਨ ਪਿਆ। ਨੂੰਹਾਂ ਤਾਂ ਹਮੇਸ਼ਾ ਚਾਹੁੰਦੀਆਂ ਹਨ ਕਿ ਉਨ੍ਹਾਂ ਦਾ ਆਪਣਾ ਆਜ਼ਾਦ ਘਰ ਹੋਵੇ...ਜਿਸ ਵਿਚ ਸੱਸ ਸਹੁਰੇ ਦਾ ਕੋਈ ਦਖ਼ਲ ਨਾ ਹੋਵੇ...ਮੈਂ ਵਿਆਹੀ ਆਈ ਤਾਂ ਸਾਡਾ ਘਰ ਸਾਂਝਾ ਸੀ...ਕਦੇ ਮੌਕਾ ਹੀ ਨਾ ਮਿਲੇ ਕਿ ਮੈਂ ਤੇ ਤੇਰਾ ਬਾਪੂ ਇਕੱਠਿਆਂ ਬੈਠ ਕੇ ਕੋਈ ਗੱਲ ਕਰ ਸਕੀਏ।

ਬਾਪੂ : ਹੁਣ ਤੂੰ ਆਪਣੀ ਹੀ ਰਾਮ ਕਹਾਣੀ ਛੇੜ ਦਿੱਤੀ ਏ, ਇਹ ਨਹੀਂ ਕਿ ਮੁੰਡੇ ਦੀ ਕੋਈ ਗੱਲ ਸੁਣਨ ਦੇਵੇਂ।

ਬੀਜੀ : ਹੁਣ ਹੋਰ ਕੀ ਸੁਣਨਾ ਬਾਕੀ ਰਹਿ ਗਿਆ...ਮੁੰਡੇ ਨੇ ਦੱਸ ਦਿੱਤਾ ਹੈ ਕਿ ਨੂੰਹ ਰਾਣੀ ਸਾਡੇ ਇਥੇ ਰਹਿਣ ’ਤੇ ਖ਼ੁਸ਼ ਨਹੀਂ ਤੇ ਸੱਚੀ ਗੱਲ ਏ ਕਿ ਮੈਂ ਵੀ ਇਥੇ ਰਹਿ ਕੇ ਖ਼ੁਸ਼ ਨਹੀਂ...ਭਲਾ ਇਹ ਵੀ ਕੋਈ ਜ਼ਿੰਦਗੀ ਹੈ ਕਿ ਬੰਦਾ ਸਾਰਾ ਦਿਨ ਘਰ ਵਿਚ ਡੱਕਿਆ ਰਹੇ...ਕੋਈ ਗੱਲ ਕਰਨ ਵਾਲਾ ਨਾ ਹੋਵੇ, ਨਾ ਕੋਈ ਭੂਆ ਹਰ ਕੌਰ, ਨਾ ਕੋਈ ਤਾਈ ਨਿਹਾਲੋ, ਨਾ ਕੋਈ ਚਾਚੀ ਬੰਸੋ...ਨਾ ਭੱਠੀ ਵਾਲੀ ਦਾਤੋ ਤੇ ਨਾ ਚਿੰਤੋ ਨੈਣ ਹੋਵੇ।

ਬਾਪੂ : ਕੋਈ ਪਿੰਡ ਦੀ ਤੀਵੀਂ ਰਹਿ ਗਈ ਤਾਂ ਉਹਦਾ ਨਾਂ ਵੀ ਲੈ ਦੇ ਤੇ ਗੁਰੋ ਜਥੇਦਾਰਨੀ ਨੂੰ ਭੁੱਲ ਗਈ ਏਂ...ਉਹ ਤਾਂ ਤੇਰੀ ਪੱਕੀ ਸਹੇਲੀ ਏ...ਬੈਸਟ ਫਰੈਂਡ।

ਬੀਜੀ : ਲੈ ਖਾਂ ਭੁੱਲ ਕਿਉਂ ਗਈ ਆਂ...ਜਥੇਦਾਰ ਸ਼ਿੰਗਾਰਾ ਸਿੰਘ ਜਦੋਂ ਮੋਰਚੇ ’ਤੇ ਜਾਂਦਾ ਸੀ ਤਾਂ ਤਾਈ ਗੁਰੋ ਨਾਲ ਜਾਂਦੀ ਸੀ। ਮੋਢੇ ਨਾਲ ਮੋਢਾ ਜੋੜ ਕੇ ਖੜੋਂਦੀ ਸੀ ਤੇ ਪੁਲਿਸ ਦੀਆਂ ਲਾਠੀਆਂ ਖਾ ਕੇ ਵੀ ਸੀ ਨਹੀਂ ਸੀ ਕਰਦੀ...ਹਾਂ ਤੇ ਪੁੱਤ ਤੂੰ ਕਿਸੇ ਫ਼ਿਕਰ ਵਿਚ ਨਾ ਪੈ...ਨੂੰਹ ਰਾਣੀ ਦਾ ਫ਼ੈਸਲਾ ਸਾਡਾ ਵੀ ਫ਼ੈਸਲਾ ਐ। ਤੁਹਾਡਾ ਦਾਨਾ ਪਾਣੀ ਇਥੇ ਤੇ ਸਾਡਾ ਦਾਨਾ ਪਾਣੀ ਉਥੇ...ਤੇ ਪੁੱਤ ਦਾਨਾ ਪਾਣੀ...।

ਬਾਪੂ : ਅੱਛਾ ਹੁਣ ਦਾਨਾ ਪਾਣੀ ਤੇ ਵਿਖਿਆਣ ਨਾ ਸ਼ੁਰੂ ਕਰ ਦੇਵੀਂ...ਹਾਂ, ਤੇ ਹਰਨੇਕ ਤੁਸੀਂ ਆਪਣੀਆਂ ਖ਼ੁਸ਼ੀਆਂ ਦਾ ਧਿਆਨ ਰੱਖਣਾ ਏ... ਆਪਣੀ ਵਹੁਟੀ ਵੱਲ ਤੇਰਾ ਪਹਿਲਾ ਫ਼ਰਜ਼ ਏ।

ਹਰਨੇਕ : ਤੁਹਾਡੇ ਵੱਲ ਵੀ ਤਾਂ ਮੇਰੇ ਫ਼ਰਜ਼ ਨੇ...ਮੈਂ ਨਹੀਂ ਚਾਹੁੰਦਾ ਕਿ ਤੁਹਾਨੂੰ ਕੋਈ ਸ਼ਿਕਾਇਤ ਹੋਵੇ।

ਬਾਪੂ : ਸਾਨੂੰ ਕਿਉਂ ਕੋਈ ਸ਼ਿਕਾਇਤ ਹੋਵੇਗੀ ਪੁੱਤਰ...ਜਦੋਂ ਤੂੰ ਇਥੇ ਆਉਣ ਲਈ ਸਾਨੂੰ ਟਿਕਟਾਂ ਭੇਜੀਆਂ ਤਾਂ ਵੀਜ਼ਾ ਵਾਲਿਆਂ ਨੇ

ਸਾਨੂੰ ਪੁੱਛਿਆ ਕਿ ਕਿੰਨੀ ਦੇਰ ਲਈ ਜਾਉਗੇ…ਕੀ ਤੁਸੀਂ ਪੱਕੇ ਤੌਰ 'ਤੇ ਜਾਣਾ ਚਾਹੁੰਦੇ ਹੋ ਜਾਂ ਕੱਚੇ ਤੌਰ 'ਤੇ। ਮੈਂ ਕਿਹਾ…ਅਸੀਂ ਤਾਂ ਪੁੱਤਰ ਨੂੰ ਮਿਲਣ ਚੱਲੇ ਹਾਂ, ਕੈਨੇਡਾ ਵੇਖਣ ਚੱਲੇ ਹਾਂ…ਤੇ ਕੁਝ ਦਿਨਾਂ ਵਿਚ ਇਸ ਦੇਸ਼ ਦਾ ਬਹੁਤ ਕੁਝ ਵੇਖ ਲਿਆ ਹਰਨੇਕ…ਚੰਗਾ ਵੀ ਤੇ ਮਾੜਾ ਵੀ। ਪਰ ਵੱਡੀ ਗੱਲ ਇਹ ਹੈ ਕਿ ਪੁੱਤਰ ਆਪਣਾ ਦੇਸ਼ ਆਪਣਾ ਹੀ ਹੁੰਦਾ ਹੈ।

ਹਰਨੇਕ : ਬਾਪੂ ਜੀ ਇਹ ਸਭ ਕੁਝ ਤੁਸੀਂ ਦਿਲੋਂ ਕਹਿ ਰਹੇ ਹੋ…ਕਿਸੇ ਨਰਾਜ਼ਗੀ ਨਾਲ ਤਾਂ ਨਹੀਂ ਕਹਿ ਰਹੇ।

ਬਾਪੂ : ਲੈ ਨਰਾਜ਼ਗੀ ਕਿਉਂ ਹੋਣੀ ਏ ?

ਹਰਨੇਕ : ਤੁਸੀਂ ਮੇਰੇ ਦਿਲ ਤੋਂ ਬਹੁਤ ਵੱਡਾ ਭਾਰ ਲਾਹ ਦਿੱਤਾ ਏ…ਸ਼ੁਕਰੀਆ।

ਬੀਜੀ : ਨੂੰਹ ਰਾਣੀ ਕਿਥੇ ਐ…ਮੈਂ ਉਸ ਨੂੰ ਦੱਸਣਾ ਕਿ ਅੱਜ ਕਿਚਨ ਮੇਰੇ ਹਵਾਲੇ ਐ…ਮੈਂ ਆਲੂਆਂ ਵਾਲੇ ਪਰੌਂਠੇ ਬਣਾਊਂਗੀ, ਉਹ ਨੂੰਹ ਰਾਣੀ ਨੂੰ ਵੀ ਬੜੇ ਚੰਗੇ ਲੱਗਦੇ ਨੇ…ਉਸ ਦਿਨ ਕਹਿਣ ਲੱਗੀ ਕਿ ਮੇਰੇ ਬਣਾਏ ਪਰੌਂਠਿਆਂ ਵਰਗੇ ਸੁਆਦਲੇ ਪਰੌਂਠੇ ਉਸ ਕਦੀ ਨਹੀਂ ਖਾਧੇ ਤੇ ਨਿੱਕਾ ਹੁੰਦਾ ਹਰਨੇਕ…।

ਬਾਪੂ : ਬਸ ਹੁਣ ਪਰੌਂਠਿਆਂ ਦੀ ਗੱਲ ਨਾ ਸ਼ੁਰੂ ਕਰ ਦੇਵੀਂ।

ਹਰਨੇਕ : ਬਾਪੂ ਜੀ, ਬੀਜੀ ਨੂੰ ਕਰ ਲੈਣ ਦਿਉ…ਇਥੇ ਵੀ ਜਦ ਵਤਨੀਏ ਇਕੱਠੇ ਹੁੰਦੇ ਨੇ ਤਾਂ ਪਰੌਂਠਿਆਂ ਦੀ ਗੱਲ ਜ਼ਰੂਰ ਕਰਦੇ ਨੇ।

ਬਾਪੂ : ਆਹੋ…ਦੋ ਹੀ ਗੱਲਾਂ ਕਰਦੇ ਨੇ, ਇਕ ਆਪਣੀ ਸੂਰਮਗਤੀ ਦੀ ਤੇ ਦੂਜੀ ਪਰੌਂਠਿਆਂ ਦੀ…ਜਿਵੇਂ ਸੂਰਮਗਤੀ ਪਰੌਂਠੇ ਖਾ ਕੇ ਹੀ ਆਉਂਦੀ ਹੈ।

ਹਰਨੇਕ : ਬੀਜੀ ਤੁਸੀਂ ਪਰੌਂਠੇ ਬਣਾਉ…ਮੈਂ ਹੁਣੇ ਆਇਆ…ਇਹ ਨਾਲ ਦੀ ਸਟਰੀਟ ਵਿਚ ਇਨਸ਼ੋਰੈਂਸ਼ ਦੇ ਕਾਗ਼ਜ਼ ਪਕੜਾ ਆਵਾਂ।

*(ਬੀਜੀ ਜਾਂਦੀ ਹੈ। ਹਰਨੇਕ ਵੀ ਜਾਂਦਾ ਹੈ। ਬਾਪੂ ਕੁਰਸੀ 'ਤੇ ਬੈਠ ਕੇ ਅਖ਼ਬਾਰ ਪੜ੍ਹ ਰਿਹਾ ਹੈ। ਜਦੋਂ ਦੀਪ ਹੱਥ ਸਾਫ਼ ਕਰਦੀ ਆਉਂਦੀ ਹੈ।)*

ਦੀਪ : ਬੀਜੀ ਨੇ ਮੈਨੂੰ ਕਿਚਨ ਤੋਂ ਬਾਹਰ ਕੱਢ ਦਿੱਤਾ ਏ…ਤੇ ਇਹ ਚੰਗਾ ਹੀ ਕੀਤਾ ਏ, ਬਾਪੂ ਜੀ ਮੈਂ ਤੁਹਾਡੇ ਨਾਲ ਕੁਝ ਗੱਲਾਂ ਕਰਨੀਆਂ ਨੇ।

ਬਾਪੂ : ਕੀ ਗੱਲ ਕਰਨੀ ਏ ਬੇਟਾ…ਮੈਨੂੰ ਪਤਾ ਏ ਕਿ ਤੇਰੇ ਤੇ ਹਰਨੇਕ ਦਰਮਿਆਨ ਤਣਾਅ ਸਾਡੀ ਵਜ੍ਹਾ ਨਾਲ ਹੀ ਹੈ।

ਦੀਪ : ਨਹੀਂ ਬਾਪੂ ਜੀ…ਇਹ ਗੱਲ ਬਿਲਕੁਲ ਨਹੀਂ।

ਬਾਪੂ : ਫੇਰ ਕੀ ਗੱਲ ਹੈ ?

ਦੀਪ : ਕੁਝ Attitude ਦਾ ਫ਼ਰਕ ਏ...ਮੈਂ ਉਨ੍ਹਾਂ ਨੂੰ ਜੇਕਰ ਕੋਈ ਸੁਝਾਅ ਦੇਵਾਂ, ਉਹ ਇਕਦਮ ਇਹਦਾ ਮਤਲਬ ਲੈ ਲੈਂਦੇ ਨੇ ਕਿ ਮੈਂ ਤੁਹਾਡੇ ਬਾਰੇ ਗੱਲ ਕਰ ਰਹੀ ਹਾਂ ਜਾਂ ਆਪਣੀਆਂ dislikes ਦਾ ਪ੍ਰਗਟਾਵਾ ਕਰ ਰਹੀ ਹਾਂ।

ਬਾਪੂ : ਇਹ ਤੇਰੇ ਦਿਮਾਗ਼ ਵਿਚ ਕਿਸ ਤਰ੍ਹਾਂ ਆਇਆ ਕਿ ਉਹ ਇਸ ਤਰ੍ਹਾਂ ਸੋਚਦਾ ਏ ?

ਦੀਪ : ਇਹ ਮੇਰਾ ਰੋਜ਼ ਦਾ ਤਜਰਬਾ ਏ...ਤੇ ਇਹਦੇ ਪਿੱਛੇ ਉਨ੍ਹਾਂ ਦੀ ਉਹੀ ਸਦੀਆਂ ਪੁਰਾਣੀ ਸੋਚ ਕੰਮ ਕਰ ਰਹੀ ਹੈ ਕਿ ਮੈਂ ਤੁਹਾਡੀ ਨੂੰਹ ਹਾਂ ਤੇ ਨੂੰਹਾਂ, ਸੱਸਾਂ ਸਹੁਰਿਆਂ ਬਾਰੇ ਕਦੀ ਵੀ ਕੋਈ frank ਰਾਏ ਨਹੀਂ ਦੇ ਸਕਦੀਆਂ।

ਬਾਪੂ : ਹਾਂ, ਇਹ ਸੋਚ ਤਾਂ ਸਾਡੇ ਸਭਿਆਚਾਰ ਦਾ ਹਿੱਸਾ ਬਣੀ ਹੋਈ ਏ।

ਦੀਪ : ਪਰ ਇਹ ਗੱਲ ਗ਼ਲਤ ਏ...ਤੇ ਖਾਹਮਖਾਹ ਟੈਂਸ਼ਨ ਪਾਉਂਦੀ ਹੈ...ਹੁਣ ਬਾਪੂ ਜੀ ਉਸ ਦਿਨ ਤੁਹਾਡੀ ਸੋਟੀ ਕੁਰਸੀ ਨਾਲ ਲਟਕੀ ਹੋਈ ਸੀ, ਮੈਨੂੰ ਠੋਕਰ ਲੱਗ ਗਈ। ਮੈਂ ਕਾਹਲੀ ਵਿਚ ਸਾਂ, ਮੈਂ ਆਖ ਦਿੱਤਾ ਕਿ ਬਾਪੂ ਜੀ ਸੋਟੀ ਥਾਂ ਸਿਰ ਨਹੀਂ ਰੱਖਦੇ ਤੇ ਉਨ੍ਹਾਂ ਨੇ ਇਕਦਮ ਰੀਮਾਰਕ ਕੱਸ ਦਿੱਤਾ ਕਿ ਜਿਸ ਤਰ੍ਹਾਂ ਮੈਂ ਅੰਨ੍ਹੀ ਹਾਂ, ਵੇਖ ਕੇ ਤੁਰ ਨਹੀਂ ਸਕਦੀ।

ਬਾਪੂ : ਉਹਨੇ ਇਸ ਤਰ੍ਹਾਂ ਕਿਹਾ ?

ਦੀਪ : ਬਿਲਕੁਲ ਇਸੇ ਤਰ੍ਹਾਂ ਤੇ ਕਿਹਾ ਵੀ Sarcastic ਤਰੀਕੇ ਨਾਲ...ਘਰ ਵਿਚ ਅਸੀਂ ਸਾਰੇ ਮੈਂਬਰ ਰਹਿ ਰਹੇ ਹਾਂ, ਗ਼ਲਤੀਆਂ ਮੇਰੇ ਕੋਲੋਂ ਵੀ ਹੋ ਸਕਦੀਆਂ ਨੇ, ਹਰਨੇਕ ਹੋਰਾਂ ਕੋਲੋਂ ਵੀ ਹੋ ਸਕਦੀਆਂ ਨੇ, ਬਾਪੂ ਜੀ ਤੁਹਾਡੇ ਕੋਲੋਂ ਵੀ ਹੋ ਸਕਦੀਆਂ ਨੇ ਤੇ ਬੀਜੀ ਕੋਲੋਂ ਵੀ ਹੋ ਸਕਦੀਆਂ ਨੇ।

ਬਾਪੂ : ਕਿਉਂ ਨਹੀਂ ਹੋ ਸਕਦੀਆਂ...ਸਗੋਂ ਬੁੱਢਿਆਂ ਕੋਲੋਂ ਤਾਂ ਬਹੁਤੀਆਂ ਗ਼ਲਤੀਆਂ ਹੁੰਦੀਆਂ ਨੇ, ਕਿਉਂਕਿ ਉਹ ਨਵੀਆਂ ਹਾਲਾਤਾਂ ਵਿਚ ਢਲੇ ਨਹੀਂ ਹੁੰਦੇ।

ਦੀਪ : ਤੇ ਬਾਪੂ ਜੀ ਜੇ ਕੋਈ ਗ਼ਲਤੀ ਪੁਆਇੰਟ ਆਊਟ ਕਰ ਦੇਵੇ ਤਾਂ ਇਹਦਾ ਇਹ ਮਤਲਬ ਨਹੀਂ ਬਣਦਾ ਕਿ ਕੋਈ ਅੱਗੋਂ ਕਹਿ ਦੇਵੇ ਕਿ ਗ਼ਲਤੀ ਕਰਨ ਵਾਲਾ ਤਾਂ ਦੁੱਧ ਧੋਤਾ ਏ ਤੇ ਗ਼ਲਤੀ ਪੁਆਇੰਟ ਆਊਟ ਕਰਨ ਵਾਲਾ ਅੰਨ੍ਹਾ ਏ...ਉਹਨੂੰ ਦਿਸਦਾ ਕੁਝ ਨਹੀਂ। ਮੈਨੂੰ ਪਤਾ ਏ ਕਿ ਇਹੀ ਗੱਲ ਜੇ ਮੈਂ ਤੁਹਾਨੂੰ ਕਹਿ ਦੇਂਦੀ ਤਾਂ ਤੁਸੀਂ realise

ਕਰ ਲੈਣੀ ਸੀ ਕਿ ਛੋਟੇ ਜਿਹੇ ਕਮਰੇ ਵਿਚ ਹਰ ਚੀਜ਼ ਟਿਕਾਣੇ ਹੀ ਰੱਖਣੀ ਚਾਹੀਦੀ ਏ।

ਬਾਪੂ : ਇਸ ਵਿਚ ਕੋਈ ਸ਼ੱਕ ਨਹੀਂ ਕਿ ਹਰ ਚੀਜ਼ ਟਿਕਾਣੇ ਹੀ ਰੱਖਣੀ ਚਾਹੀਦੀ ਹੈ।

ਦੀਪ : ਪਰ ਹਰਨੇਕ ਹੋਰਾਂ ਨੂੰ ਇਹ ਗੱਲ ਚੰਗੀ ਨਹੀਂ ਲੱਗਦੀ ਕਿਉਂਕਿ ਉਹਦੀ ਸਮਝ ਵਿਚ ਇਹ ਗੱਲ ਸਮੋ ਚੁੱਕੀ ਏ ਕਿ ਮੈਂ ਇਕ ਨੂੰਹ ਦਾ ਦਰਜਾ ਰੱਖਦੀ ਹਾਂ ਤੇ ਮੇਰੇ ਲਈ ਆਪਣੇ ਸਹੁਰੇ ਬਾਰੇ ਕੋਈ ਵੀ ਗੱਲ ਕਰਨੀ ਗੁਸਤਾਖ਼ੀ ਤੋਂ ਸਿਵਾ ਕੁਝ ਨਹੀਂ...ਜਿਸ ਤਰ੍ਹਾਂ ਮੇਰਾ ਕੋਈ ਹੱਕ ਨਹੀਂ।

ਬਾਪੂ : ਨਹੀਂ ਬੇਟੇ...ਮੈਂ ਤਾਂ ਕਦੇ ਇਸ ਤਰ੍ਹਾਂ ਨਹੀਂ ਸੋਚਦਾ।

ਦੀਪ : ਹੁਣ ਤੁਸੀਂ ਇਥੇ ਆਏ ਹੋ...You are most welcome ਪਰ ਜੇ ਮੇਰੇ ਤੋਂ ਇਹ ਆਸ ਕੀਤੀ ਜਾਏ ਕਿ ਤੁਹਾਡੇ ਆਉਣ ’ਤੇ ਮੈਂ ਖ਼ੁਸ਼ੀ ਨਾਲ ਟੱਪਦੀ ਫਿਰਾਂ ਤਾਂ ਇਹ ਵੀ Hypocracy ਹੋਵੇਗੀ...ਇਹ ਠੀਕ ਹੈ ਕਿ ਤੁਹਾਡੇ ਆਉਣ ਨਾਲ ਸਾਨੂੰ ਤੰਗੀ ਹੋਈ ਏ, ਪਰ ਅਸੀਂ ਐਡਜਸਟ ਕਰਾਂਗੇ ਕਿਉਂਕਿ It is part of life

ਬਾਪੂ : ਜੇ ਇਹ ਗੱਲ ਅਸੀਂ ਸਾਰੇ ਸਮਝ ਜਾਈਏ ਤਾਂ ਅੱਧੇ ਕਲੇਸ਼ ਤਾਂ ਉਸੇ ਵੇਲੇ ਮੁੱਕ ਜਾਣ।

ਦੀਪ : ਤੁਸੀਂ ਇਥੇ ਆਏ ਹੋ...ਹਰਨੇਕ ਨੂੰ ਖ਼ੁਸ਼ੀ ਹੋਈ ਏ, ਤੁਹਾਨੂੰ ਖ਼ੁਸ਼ੀ ਹੋਈ ਏ...ਆਖ਼ਿਰਕਾਰ ਉਹ ਤੁਹਾਡਾ ਪੁੱਤਰ ਏ, ਬਚਪਨ ਤੋਂ ਲੈ ਕੇ ਉਹਦੀਆਂ ਕਿੰਨੀਆਂ ਯਾਦਾਂ ਤੁਹਾਡੇ ਨਾਲ ਸਾਂਝੀਆਂ ਨੇ।

ਬਾਪੂ : ਹਰਨੇਕ ਦੀ ਮਾਂ ਨੂੰ ਤਾਂ ਹਰੇਕ ਮਿਸਾਲ ਹਰਨੇਕ ਦੀ ਹੀ ਦੇਣੀ ਪੈਂਦੀ ਏ।

ਦੀਪ : ਹਰਨੇਕ ਹੋਰਾਂ ਤੁਹਾਡੇ ਕੋਲੋਂ ਬਹੁਤ ਪਿਆਰ ਲਿਆ ਏ ਤੇ ਪਿਆਰ ਦਿੱਤਾ ਵੀ ਏ...ਪਰ ਜੇ ਮੇਰੇ ਕੋਲੋਂ ਇਹ ਤਵੱਕੋ ਕੀਤੀ ਜਾਏ ਕਿ ਤੁਹਾਡੇ ਆਉਣ ’ਤੇ ਮੈਨੂੰ ਵੀ ਬਰਾਬਰ ਖ਼ੁਸ਼ੀ ਹੋਵੇ ਤਾਂ ਇਹ ਗ਼ਲਤ ਏ।

ਬਾਪੂ : ਕੀ ਹਰਨੇਕ ਇਹ ਗੱਲ realise ਨਹੀਂ ਕਰਦਾ ?

ਦੀਪ : ਬਹੁਤ ਵਾਰੀ ਉਹ ਨਹੀਂ ਕਰਦੇ, ਮੇਰੇ ਤੇ ਹਰਨੇਕ ਵਿਚ ਤਣਾਅ ਵੀ ਇਸੇ ਗੱਲ ਦਾ ਹੈ ਕਿ ਮੈਂ ਉਨ੍ਹਾਂ ਦੀਆਂ expectations ’ਤੇ ਪੂਰੀ ਨਹੀਂ ਉਤਰਦੀ...ਪਰ ਉਹ ਕਦੀ realise ਨਹੀਂ ਕਦੇ ਕਿ ਉਨ੍ਹਾਂ ਦੀਆਂ ਕ ਗ਼ਲਤ ਨੇ... ਅਸਲ ਵਿਚ ਇਹ ਕ ਸ਼ਾਵਨਨਿਜ਼ਮ ਦਾ ਰੀਜ਼ਲਟ ਏ, ਜਦੋਂ ਕਿ ਪਤੀ ਇਹ ਉਮੀਦ ਕਰਦੇ ਨੇ ਕਿ ਉਨ੍ਹਾਂ

ਦੀਆਂ ਪਤਨੀਆਂ ਉਨ੍ਹਾਂ ਦੇ ਮਾਂ ਪਿਉ ਦੀ ਉਸੇ ਤਰ੍ਹਾਂ ਇੱਜ਼ਤ ਕਰਨ ਜਿਸ ਤਰ੍ਹਾਂ ਉਹ ਕਰਦੇ ਨੇ...ਬਾਪੂ ਜੀ ਤੁਸੀਂ ਮੇਰੀਆਂ ਗੱਲਾਂ 'ਤੇ Bore ਤਾਂ ਨਹੀਂ ਹੋ ਗਏ।

ਬਾਪੂ : ਨਹੀਂ ਸਗੋਂ ਮੈਨੂੰ ਤਾਂ ਖ਼ੁਸ਼ੀ ਏ ਕਿ ਤੂੰ ਸਿ ਤਰ੍ਹਾਂ frank ਹੋ ਕੇ ਗੱਲ ਕਰ ਰਹੀ ਏਂ।

ਦੀਪ : ਤੇ ਬਾਪੂ ਜੀ...ਮੈਂ ਕਹਿ ਰਹੀ ਸਾਂ ਕਿ ਮੈਂ ਤੁਹਾਡੀ ਇੱਜ਼ਤ ਕਰਦੀ ਹਾਂ, ਸਤਿਕਾਰ ਕਰਦੀ ਹਾਂ...But I am frank, enough to say ਕਿ ਜਿਸ ਤਰ੍ਹਾਂ ਮੈਂ ਆਪਣੇ ਪਾਪਾ ਮੰਮੀ ਨੂੰ ਪਿਆਰ ਕਰਦੀ ਹਾਂ, ਉਸੇ ਤਰ੍ਹਾਂ ਦਾ ਪਿਆਰ ਮੈਂ ਤੁਹਾਨੂੰ ਨਹੀਂ ਦੇ ਸਕਦੀ ਤੇ ਜੇ ਮੈਂ ਇਹ ਤਵੱਕੋ ਕਰਾਂ ਕਿ ਤੁਸੀਂ ਵੀ ਮੈਨੂੰ ਓਨਾ ਹੀ ਪਿਆਰ ਕਰੋ, ਜਿੰਨਾ ਕਿ ਤੁਸੀਂ ਹਰਨੇਕ ਨੂੰ ਕਰਦੇ ਹੋ ਤਾਂ ਇਹ ਵੀ ਗ਼ਲਤ expectations ਹੋਵੇਗੀ...ਮੈਂ ਜਿਸ ਨੂੰ ਆਲੇ ਦੁਆਲੇ ਵਿਚ 20–22 ਸਾਲ ਗੁਜ਼ਾਰੇ ਨੇ...ਉਹਦੇ ਨਾਲ Links ਨਹੀਂ ਤੋੜ ਸਕਦੀ।

ਬਾਪੂ : ਮੈਨੂੰ ਇਹ ਸਭ ਪਤਾ ਏ ਬੇਟੀ।

ਦੀਪ : ਹਰਨੇਕ ਹੋਰਾਂ ਨੂੰ ਵੀ ਸਭ ਪਤਾ ਏ...ਪਰ ਫੇਰ ਵੀ ਉਨ੍ਹਾਂ ਵਿਚ ਇਹ ਸੋਚ ਜਾਗ ਪੈਂਦੀ ਏ ਕਿ ਉਹ ਮਰਦ ਨੇ ਤੇ ਉਸ ਵੇਲੇ ਉਹ ਬੜਾ abnormally behave ਕਰਦੇ ਨੇ ਤੇ ਇਹ ਗੱਲ ਟੈਂਸ਼ਨ ਪਾ ਦਿੰਦੀ ਹੈ। ਬਸ ਬਾਪੂ ਜੀ, ਗੱਲ ਏਨੀ ਹੀ ਹੈ।

*(ਹਰਨੇਕ ਬਾਹਰੋਂ ਆ ਜਾਂਦਾ ਹੈ ਤੇ ਅਖ਼ੀਰਲੀ ਗੱਲ ਪਕੜ ਲੈਂਦਾ ਹੈ।)*

ਹਰਨੇਕ : ਕਿਹੜੀ ਗੱਲ ਏਨੀ ਏ ?

ਦੀਪ : ਏਨੀ ਗੱਲ ਇਹ ਵੇ ਕਿ ਬੀਜੀ ਪਰੌਂਠੇ ਬਣਾ ਰਹੇ ਨੇ ਤੇ ਉਨ੍ਹਾਂ ਮੈਨੂੰ ਕਿਚਨ 'ਚੋਂ ਬਾਹਰ ਕੱਢ ਦਿੱਤਾ ਏ।

ਹਰਨੇਕ : ਤੇ ਤੂੰ ਬਾਪੂ ਜੀ ਅੱਗੇ ਇਹਦੀ ਸ਼ਿਕਾਇਤ ਕਰ ਰਹੀ ਏਂ।

ਦੀਪ : ਨਹੀਂ ਬਾਬਾ ਕੋਈ ਸ਼ਿਕਾਇਤ ਨਹੀਂ ਕਰ ਰਹੀ...ਮੈਨੂੰ ਤਾਂ ਸਗੋਂ ਬਾਪੂ ਜੀ ਨਾਲ ਗੱਲ ਕਰਨ ਦਾ ਮੌਕਾ ਮਿਲ ਗਿਆ...ਮੈਂ ਉਨ੍ਹਾਂ ਨੂੰ ਦੱਸ ਦਿੱਤਾ ਏ ਕਿ ਉਨ੍ਹਾਂ ਦਾ ਹਰਨੇਕ ਕੋਈ ਬਹੁਤਾ ਬੁਰਾ ਬੰਦਾ ਨਹੀਂ ਭਾਵੇਂ ਉਹ ਕੋਈ ਬਹੁਤ ਸਿਆਣਾ ਵੀ ਨਹੀਂ...ਸੋ ਸ੍ਰੀਮਾਨ ਜੀ, ਆਓ ਤੁਹਾਡੇ ਬੀਜੀ ਦੇ ਬਣਾਏ ਪਰੌਂਠੇ ਤੁਹਾਡੀ ਉਡੀਕ ਕਰ ਰਹੇ ਨੇ...ਉਸੇ ਤਰ੍ਹਾਂ ਉਨ੍ਹਾਂ ਦੇ ਕੋਲ ਬੈਠ ਕੇ ਖਾਵੇ, ਜਿਸ ਤਰ੍ਹਾਂ ਪਿੰਡ ਖਾਂਦੇ ਹੁੰਦੇ ਸੀ...ਓਕੇ।

*(ਸਾਰੇ ਮੁਸਕਰਾਉਂਦੇ ਹਨ ਤੇ ਫੇਡ ਆਊਟ)*

## ਸੀਨ 3

*(ਸੋਹਣ ਸਿੰਘ ਤੇ ਮਾਸਟਰ ਜੀ ਗੱਲਾਂ ਕਰਦੇ ਆਉਂਦੇ ਹਨ।)*

ਸੋਹਣ : ਮਾਸਟਰ ਜੀ, ਇਕ ਵਾਰੀ ਇਥੇ ਆ ਹੀ ਗਏ ਹੋ ਤਾਂ ਵਾਪਸ ਜਾਣ ਦੀ ਗ਼ਲਤੀ ਨਾ ਕਰਨਾ।

ਮਾਸਟਰ : ਗ਼ਲਤੀ ?

ਸੋਹਣ : ਤੇ ਹੋਰ ਕੀ...ਲੋਕ ਇਥੇ ਆਉਣ ਲਈ ਸੌ ਸੌ ਉਪਰਾਲੇ ਕਰਦੇ ਨੇ... ਏਜੰਟਾਂ ਨੂੰ ਪੰਜ ਪੰਜ ਲੱਖ ਰੁਪਏ ਦਿੰਦੇ ਨੇ...ਤੇ ਤੁਸੀਂ ਹੋ ਕੇ ਆਏ ਪਿੱਛੋਂ ਹੋ ਕਿ ਵਾਪਸ ਜਾਣ ਦੀ ਪਹਿਲਾਂ ਸੋਚੀ ਬੈਠੇ ਹੋ।

ਮਾਸਟਰ : ਅਸਲ ਗੱਲ ਏ...ਮੇਰਾ ਇਥੇ ਜੀ ਨਹੀਂ ਲੱਗਿਆ ਤੇ ਇਹ ਵੀ ਗੱਲ ਏ ਕਿ ਮੇਰੀ ਨੂੰਹ ਦੀ ਖ਼ੁਸ਼ੀ ਵਿਚ ਵਿਘਨ ਪੈਂਦਾ ਏ।

ਸੋਹਣ : ਨੂੰਹ ਦੀ ਖ਼ੁਸ਼ੀ ਵਿਚ ਵਿਘਨ ਪੈਂਦਾ ਏ...ਮਾਸਟਰ ਜੀ, ਇਹ ਨੂੰਹਾਂ ਖ਼ੁਸ਼ ਕਦੋਂ ਹੁੰਦੀਆਂ ਏ...ਮੇਰੀ ਨੂੰਹ ਕਦੇ ਖ਼ੁਸ਼ ਸੀ...ਹਨੇਰੇ ਸਵੇਰੇ ਮੇਰੇ ਮੁੰਡੇ ਦੇ ਕੰਨ ਭਰਦੀ ਰਹਿੰਦੀ ਸੀ ਕਿ ਕਿਥੋਂ ਆ ਗਿਆ, ਬੁੱਢਾ ਖੁੱਸੜ ਕਨੇਡਾ 'ਚ। ਮੈਂ ਸਭ ਕੁਝ ਬਰਦਾਸ਼ਤ ਕਰਦਾ ਰਹਿੰਦਾ, ਪਰ ਜਦੋਂ ਉਹ ਮੈਨੂੰ ਬੁੱਢਾ ਖੁੱਸੜ ਕਹਿੰਦੀ ਤਾਂ ਮੇਰੀ ਛਾਤੀ ਤੋਂ ਸੱਪ ਲੰਘ ਜਾਂਦਾ...ਦਿਲ ਕਰਦਾ ਕਿ ਮੈਂ ਉਹਦੇ ਸਾਹਮਣੇ ਕਿਸ ਤਰ੍ਹਾਂ ਸਾਬਤ ਕਰਾਂ ਕਿ ਮੈਂ ਬੁੱਢਾ ਨਹੀਂ...ਮਾਸਟਰ ਜੀ, ਇਸ ਮੁਲਕ ਵਿਚ ਸਭ ਕੁਝ ਏ, ਪਰ ਚੋਰੀ ਯਾਰੀ ਦਾ ਰਿਵਾਜ ਨਹੀਂ...ਨਹੀਂ ਤਾਂ ਨੂੰਹ ਨੂੰ ਦੱਸ ਨਾ ਦਿੰਦਾ ਕਿ ਮੈਂ ਬੁੱਢਾ ਨਹੀਂ...ਨੌਂ ਬਰ ਨੌਂ ਹਾਂ...ਕਾਇਮ ਹਾਂ।

ਮਾਸਟਰ : ਲੱਗਦਾ ਏ ਸੋਹਣ ਸਿਆਂ ਤੇਰੇ ਹਾਲੇ ਉਹ ਸ਼ੌਕ ਮੁੱਕੇ ਨਹੀਂ।

ਸੋਹਣ : ਕਿਹੜੇ ਸ਼ੌਕ ?

ਮਾਸਟਰ : ਛੇੜਖਾਨੀਆਂ ਕਰਕੇ ਜੁੱਤੀਆਂ ਖਾਣ ਦੇ।

ਸੋਹਣ : ਮਾਸਟਰ ਜੀ, ਇਥੇ ਆ ਕੇ ਜੇ ਕੁਝ ਗਵਾਇਆ ਏ ਤਾਂ ਇਹੋ ਗਵਾਇਆ ਏ ਕਿ ਇਥੇ ਕੋਈ ਕਿਸੇ ਨੂੰ ਗਾਲ੍ਹ ਹੀ ਨਹੀਂ ਕੱਢਦਾ। ਨਾ ਕੋਈ ਚਿੰਤੀ ਝਿਊਰੀ ਵਾਂਗੂੰ ਪਿੱਠ 'ਤੇ ਹੱਥ ਮਾਰ ਕੇ ਆਖਦਾ ਏ...ਵੇ ਸੋਹਣਿਆ, ਮਰ ਜਾਣਿਆ, ਖਸਮਾਂ ਨੂੰ ਖਾਣਿਆ, ਰੁੜ ਪੁੜ ਜਾਣਿਆ, ਟੁੱਟ ਪੈਣਿਆ ਦੋ ਬੱਚਿਆਂ ਦਾ ਬਾਪ ਹੋ ਗਿਆ ਏਂ... ਹਾਲੀ ਵੀ ਤੇਰੀ ਆਦਤ ਨਹੀਂ ਗਈ ਜ਼ਨਾਨੀਆਂ ਨਾਲ ਖਹਿ ਕੇ ਲੰਘਣ ਦੀ ਤੇ ਮੈਂ ਅੱਗੋਂ ਆਖਣਾ ਕਿ ਬੰਦਿਆਂ 'ਚ ਤਾਂ ਤੂੰ ਵੱਜਦੀ ਫਿਰਦੀ ਏਂ ਤੇ ਨਖਰੇ ਇਵੇਂ ਕਰਦੀ ਏਂ ਜਿਵੇਂ ਸਾਰੀ ਉਮਰ ਦਾ ਸੱਤ ਸਾਂਭੀ ਬੈਠੀ ਏਂ...ਛੱਡੋ ਪਰ੍ਹੇ, ਮਾਸਟਰ ਜੀ ਗੱਲ ਤਾਂ ਮੈਂ ਆਪਣੀ ਨੂੰਹ ਰਾਣੀ ਦੀ ਕਰ ਰਿਹਾ ਸਾਂ, ਜਦੋਂ ਮੈਂ ਵੇਖਿਆ ਕਿ ਉਹਨੂੰ

ਬੱਕੜਵਾਹ ਕਰਨ ਦਾ ਦੌਰਾ ਕੁਝ ਵੱਧ ਹੀ ਪੈਣ ਲੱਗ ਪਿਆ ਏ ਤੇ ਮੁੰਡਾ ਵੀ ਮੇਰਾ ਉਹਦੇ ਸਾਹਮਣੇ ਢੁੱਡੂ ਬਣਿਆ ਰਹਿੰਦਾ ਏ ਤਾਂ ਮੈਂ ਵੀ ਖਿਡੌਣਿਆਂ ਵਾਲੀ ਫੈਕਟਰੀ ਵਿਚ ਲੱਗ ਗਿਆ ਤੇ ਆਪਣਾ ਵੱਖਰਾ ਘਰ ਲੈ ਲਿਆ। ਨਾ ਕਿਸੇ ਦੇ ਹਿਚ ਨਾ ਚਿਟ...ਤੁਹਾਡੇ ਵਾਂਗੂੰ ਨਹੀਂ ਕਿ ਸਾਰੇ ਹਥਿਆਰ ਸੁੱਟ ਕੇ ਦੇਸ਼ ਵਾਪਸ ਜਾਣ ਦਾ ਫ਼ੈਸਲਾ ਕਰ ਲਿਆ...ਭਲਾ ਦੱਸੋ, ਦੇਸ਼ ਸਾਡੇ ਵਰਗਿਆਂ ਲਈ ਉਥੇ ਕੀ ਪਿਆ ਏ ?

ਮਾਸਟਰ : ਕਿਉਂ, ਸਭ ਕੁਝ ਪਿਆ ਏ...ਹਰ ਵੇਲੇ ਕੋਈ ਨਾ ਕੋਈ ਹਲਚਲ ਲੱਗੀ ਰਹਿੰਦੀ ਏ...ਕਦੀ ਪੰਚਾਇਤ ਦੀਆਂ ਚੋਣਾਂ...ਕਦੀ ਕੋਈ ਜਲਸਾ, ਕਦੀ ਮੀਟਿੰਗ, ਹੁਣ ਤਾਂ ਨਾਟਕ ਵੀ ਹੁੰਦੇ ਨੇ...ਤਰਕਸ਼ੀਲਾਂ ਦੇ ਜਾਣੂ ਟਰਿੱਕ ਵੀ...ਇਥੇ ਦਿਨ ਪਿੱਛੋਂ ਚੜ੍ਹਦਾ ਏ ਤੇ ਸੋਚ ਪਹਿਲੇ ਲੱਗ ਜਾਂਦੀ ਏ ਕਿ ਦਿਹਾੜੀ ਕਿਸ ਤਰ੍ਹਾਂ ਲੰਘੇ ?

ਸੋਹਣ : ਲੈ ਦਿਹਾੜੀ ਦੀ ਕੀ ਗੱਲ ਏ...ਤੁਹਾਨੂੰ ਉਸ ਦਿਨ ਏਨੇ ਕੰਮ ਗਿਣਵਾਏ ਸਨ...ਬੰਦਾ ਕੰਮ 'ਤੇ ਲੱਗ ਜਾਏ ਤਾਂ ਫਿਰ ਸਗੋਂ ਤਾਂਘਦਾ ਫਿਰਦਾ ਏ ਕਿ ਕਦੋਂ ਵਿਹਲ ਮਿਲੇ...ਥਕਾਵਟ ਲਾਹੁਣ ਲਈ ਦੋ ਘੁੱਟ ਪੀਵੇ। ਮਾਸਟਰ ਜੀ ਜੇ ਹੈ ਸ਼ੌਕ ਤਾਂ ਹੋ ਜਾਵੇ ਫਿਰ ਛਿੱਟ ਛਿੱਟ...ਮੈਂ ਤਾਂ ਹਰ ਵੇਲੇ ਬੋਝੇ ਵਿਚ ਰੱਖਦਾ ਹਾਂ, ਕੀ ਪਤਾ ਕਿਸ ਵੇਲੇ ਲੋੜ ਪੈ ਜਾਵੇ...ਪਰ ਤੁਹਾਨੂੰ ਕਿਥੋਂ ਹੋਣਾ ਏ ਸ਼ੌਕ...ਤੁਹਾਡੇ ਵਰਗੇ ਪਿੰਡ ਹੋਣ ਤਾਂ ਕੈਨੇਡਾ ਆਉਣ ਦੀ ਤਿਆਰੀ ਕਰਦੇ ਰਹਿੰਦੇ ਨੇ ਤੇ ਜੇ ਕੈਨੇਡਾ ਹੋਣ ਤਾਂ ਹਰ ਵੇਲੇ ਸੋਚਦੇ ਰਹਿੰਦੇ ਨੇ ਕਿ ਕਦੋਂ ਪਿੰਡ ਵਾਪਸ ਜਾਈਏ...ਤੁਹਾਡੀ ਵੀ ਕੋਈ ਜ਼ਿੰਦਗੀ ਆ...ਹਾਂ ਸੱਚ, ਸਾਡੀ ਭਾਬੀ ਦੀ ਕੀ ਮਰਜ਼ ਏ, ਉਹ ਤਾਂ ਵਾਪਸ ਜਾ ਕੇ ਰਾਜ਼ੀ ਨਹੀਂ ਹੋਣੀ। ਮਾਸਟਰ ਜੀ ਅਸਲ ਮੌਜ਼ ਤਾਂ ਇਥੇ ਤੀਵੀਆਂ ਨੂੰ ਏ...ਨਾ ਬਹੁਕਰ ਬਹਾਰੀ ਦਾ ਫ਼ਿਕਰ, ਨਾ ਚੁੱਲ੍ਹੇ ਅੱਗੇ ਬੈਠ ਕੇ ਅੱਖਾਂ ਵਿਚੋਂ ਪਾਣੀ ਨਿਕਲਣ ਦਾ ਡਰ, ਬਸ ਬਟੋਰਾਂ ਵਿਚ ਟਰਾਲੀਆਂ ਲੈ ਕੇ ਭੱਜੀਆਂ ਫਿਰਦੀਆਂ ਨੇ...(ਟਰਾਲੀ ਭਜਾਉਣ ਦਾ ਐਕਸ਼ਨ ਕਰਦਾ ਹੈ।)

ਮਾਸਟਰ : ਸੋਹਣ ਸਿੰਘਾ ਤੈਨੂੰ ਤੇਰੇ ਸ਼ੌਕ ਮੁਬਾਰਕ...ਮੈਂ ਤਾਂ ਜ਼ਿੰਦਗੀ ਦੇ ਰਹਿੰਦੇ ਸਾਲ ਬਸ ਇੱਜ਼ਤ ਤੇ ਸਤਿਕਾਰ ਨਾਲ ਹੀ ਬਿਤਾਉਣਾ ਚਾਹੁੰਦਾ ਹਾਂ ਤੇ ਜੋ ਇੱਜ਼ਤ ਤੇ ਸਤਿਕਾਰ ਸਾਡੇ ਵਰਗੇ ਬੰਦਿਆਂ ਨੂੰ ਪਿੱਛੇ ਆਪਣੇ ਪਿੰਡ ਮਿਲ ਸਕਦਾ ਏ, ਉਹ ਇਥੇ ਨਹੀਂ ਮਿਲ ਸਕਦਾ। ਬਸ ਮੁੰਡੇ ਨੂੰ ਮਿਲਣ ਆਏ ਸੀ, ਮਿਲ ਗਿਆ। ਇਥੋਂ ਦੀ ਜ਼ਿੰਦਗੀ ਵੇਖਣਾ ਚਾਹੁੰਦੇ ਸੀ, ਵੇਖ ਲਈ...ਹੁਣ ਤਾਂ ਬਸ ਤੁਰਨ ਦੀ ਤਿਆਰੀ

ਏ...(ਹਰਨੇਕ ਆਉਂਦਾ ਏ) ਲੈ ਆ ਗਿਆ ਆਪਣਾ ਹਰਨੇਕ ਵੀ।

ਹਰਨੇਕ : ਸਤਿ ਸ੍ਰੀ ਅਕਾਲ ਚਾਚਾ ਜੀ।

ਸੋਹਣ : ਸਤਿ ਸ੍ਰੀ ਅਕਾਲ ਤਾਂ ਹੋਈ ਬਰਖੁਰਦਾਰ...ਇਹ ਤੇਰੇ ਬਾਪੂ ਜੀ ਵਾਪਸ ਜਾਣ ਦੀ ਤਿਆਰੀ ਕਰੀ ਬੈਠੇ ਨੇ।

ਹਰਨੇਕ : ਹਾਂ ਜੀ ਮੈਨੂੰ ਪਤਾ ਏ।

ਸੋਹਣ : ਤੈਨੂੰ ਪਤਾ ਏ...ਤੂੰ ਕਰਦਾ ਕਿਉਂ ਨਹੀਂ ਕੁਝ ?

ਹਰਨੇਕ : ਮੈਂ ਕੀ ਕਰ ਸਕਦਾ ਹਾਂ।

ਸੋਹਣ : ਆਹੋ...ਤੂੰ ਕੀ ਕਰ ਸਕਦੈਂ...ਤੂੰ ਵੀ ਮੇਰੇ ਮੁੰਡੇ ਵਾਂਗ ਵਹੁਟੀ ਦਾ ਗੋਲਾ ਹੀ ਗੱਲਾ ਏਂ...ਤੁਹਾਡੇ ਮੁੰਡਿਆਂ ਸਾਰਿਆਂ ਦਾ ਹੀ ਇਹ ਹਾਲ ਹੈ ਜਾਂ ਤਾਂ ਵਹੁਟੀਆਂ ਨੂੰ ਕਸਾਈਆਂ ਵਾਂਗ ਕੁੱਟਦੇ ਹੋ ਜਾਂ ਫਿਰ ਉਨ੍ਹਾਂ ਅੱਗੇ ਪਿੱਛੇ ਲੇਲੇ ਬਣ ਕੇ ਮੈਂ ਮੈਂ ਕਰਦੇ ਫਿਰਦੇ ਹੋ। ਬਰਖੁਰਦਾਰ ਮੇਰੀ ਇਕ ਗੱਲ ਸੁਣ ਲੈ...ਤੀਵੀਆਂ ਨੂੰ ਮਰਦ ਬਣ ਕੇ ਟੱਕਰੋ... ਮਰਦ ਬਣ ਕੇ। ਉਨ੍ਹਾਂ ਨੂੰ ਕਸਾਈ ਚੰਗੇ ਲੱਗੇ ਨੇ ਨਾ ਲੇਲੇ...ਤੇ ਉਰ੍ਹੇ ਹੋ (ਕੰਨ ਕੋਲ ਜਾ ਕੇ ਰਾਜ਼ ਭਰੇ ਲਹਿਜੇ ਵਿਚ ਬੋਲਦਾ ਹੈ) ਤੈਨੂੰ ਇਕ ਰਾਜ਼ ਦੀ ਗੱਲ ਦੱਸਾਂ...ਤੀਵੀਂ ਜਾਤ ਬੜੀ ਟੇਢੀ ਸ਼ੈਅ ਏ... ਇਹਨੂੰ ਸਮਝਣਾ ਬੜੀ ਔਖੀ ਗੱਲ ਏ, ਕੀ ਪਤਾ ਕਦੋਂ ਦੰਦੀ ਵੱਢ ਦੇਵੇ...(ਫਿਰ ਉੱਚੀ ਆਵਾਜ਼ ਵਿਚ) ਹਾਂ ਤੇ ਧਿਆਨ ਰੱਖੀਂ ਮਾਸਟਰ ਜੀ ਨੂੰ ਜਾਣ ਨਹੀਂ ਦੇਣਾ। ਜੇ ਮਾਸਟਰ ਜੀ ਚਲੇ ਗਏ ਤਾਂ ਮੈਂ ਤੈਨੂੰ ਕਦੇ ਮੁਆਫ਼ ਨਹੀਂ ਕਰਨਾ।

*(ਹਰਨੇਕ ਮੁਸਕਰਾਉਂਦਾ ਹੋਇਆ ਅੰਦਰ ਵੱਲ ਜਾਂਦਾ ਹੈ ਤੇ ਸੋਹਣ ਸਿੰਘ ਮਾਸਟਰ ਜੀ ਕੋਲ ਆਉਂਦਾ ਹੈ, ਜੇਬ ਵਿਚੋਂ ਕਾਰਡ ਫੜਾਉਂਦਾ ਹੈ। ਹਾਂ ਤੇ ਮਾਸਟਰ ਜੀ, ਇਹ ਮੇਰਾ ਕਾਰਡ ਕਿਸੇ ਵੇਲੇ ਵਕਤ ਕੱਢ ਕੇ ਆਉਣਾ।)*

ਬਾਪੂ : (ਕਾਰਡ ਦੇਖਦੇ ਹੋਏ) ਬਈ ਬੜਾ ਵਧੀਆ ਕਾਰਡ ਬਣਵਾਇਆ ਏ।

ਸੋਹਣ : ਕੰਪਿਊਟਰ ਵਿਚੋਂ ਕਢਵਾਇਆ ਹੈ...ਬਸ ਤੁਸੀਂ ਆਉਣਾ, ਮੈਂ ਉਥੇ ਇਕੱਲਾ ਹਾਂ ਜਾਂ ਫੇਰ ਨਾਲ (ਬੋਤਲ ਦਾ ਕਾਰਕ ਖੋਲ੍ਹਣ ਦੀ ਆਵਾਜ਼ ਮੂੰਹ ਨਾਲ ਕੱਢਦਾ ਹੈ) ਇਹ ਹੁੰਦੀ ਏ...ਮੈਂ ਤਾਂ ਕਹਿੰਨਾ ਹਾਂ ਹੁਣੇ ਹੀ ਚੱਲੋ, ਮੈਂ ਆਪਣੀ ਸ਼ੈਵਰਲੈਟ ਰੱਖੀ ਹੋਈ ਏ।

ਬਾਪੂ : ਫੇਰ ਕਿਸੇ ਟਾਈਮ ਆਵਾਂਗਾ...ਹਰਨੇਕ ਆਉਂਦਾ ਹੈ, ਮੈਂ ਇਕ ਮਿੰਟ ਵਾਸ਼ਰੂਮ ਹੋ ਆਵਾਂ।

ਸੋਹਣ : ਨਹੀਂ, ਮੈਂ ਵੀ ਚੱਲਦਾ ਹਾਂ...(ਮਾਸਟਰ ਜੀ ਮੁੜਦੇ ਹਨ) ਬਸ ਤੁਹਾਡੇ ਵਰਗੇ ਵਾਸ਼ਰੂਮਾਂ ਵਿਚ ਹੀ ਵੜ ਰਹਿੰਦੇ ਨੇ ਤੇ ਇਥੇ (ਦੀਪ ਨੂੰ ਵੇਖਦਾ

ਹੈ) ਜ਼ਿੰਦਗੀ ਦੇ ਹਸੀਨ ਲਮਹੇ ਨਿਕਲ ਜਾਂਦੇ ਨੇ।

*(ਆਪਣੇ ਆਪ ਗੈਲਸਾਂ ਨਾਲ ਐਕਸ਼ਨ ਕਰਦਾ ਬਾਹਰ ਨਿਕਲ ਜਾਂਦਾ ਹੈ। ਦੀਪ ਉਹਦੇ ਵੱਲ ਬੜੇ ਗ਼ੁੱਸੇ ਨਾਲ ਵੇਖਦੀ ਹੈ, ਦੂਜੇ ਪਾਸੇ ਤੋਂ ਹਰਨੇਕ ਆਉਂਦਾ ਹੈ।)*

ਦੀਪ : ਇਹ ਬਜ਼ੁਰਗ ਕੌਣ ਸੀ...ਬੜੀਆਂ ਅੱਖਾਂ ਪਾੜ ਪਾੜ ਕੇ ਮੇਰੇ ਵੱਲ ਵੇਖ ਰਿਹਾ ਸੀ...ਇਹਨੂੰ ਇਹ ਵੀ ਨਹੀਂ ਪਤਾ ਕਿ ਲੇਡੀਜ਼ ਵੱਲ ਇਸ ਤਰ੍ਹਾਂ ਵੇਖਣਾ ਬੈਡ ਮੈਨਰਜ਼ ਹੁੰਦੇ ਨੇ।

ਹਰਨੇਕ : ਇਹ ਆਪਣੇ ਪਿੰਡ ਦਾ ਚਾਚਾ ਸੋਹਣ ਸਿੰਘ ਸੀ...ਇਸ ਨੂੰ ਅੱਜ ਦਾ ਨਹੀਂ, ਸਗੋਂ ਜਵਾਨੀ ਵੇਲੇ ਦਾ ਸ਼ੌਕ ਏ...ਜੇ ਆਪਣੀ ਭਾਸ਼ਾ ਵਿਚ ਕਹੀਏ ਤਾਂ ਕਹਿ ਸਕਦੇ ਹਾਂ ਕਿ ਕੁੜੀਆਂ ਤਾੜਦਾ ਰਿਹਾ ਤੇ ਇਹ ਇਹਦਾ ਸ਼ੁਗਲ ਏ...(ਬੀਜੀ ਆਉਂਦੀ ਹੈ।)

ਬੀਜੀ : ਤੇ ਇਹਦੇ ਲਈ ਇਹਨੇ ਕਈ ਵਾਰ ਜੁੱਤੀਆਂ ਵੀ ਖਾਧੀਆਂ ਨੇ।

*(ਹਰਨੇਕ ਹੱਸਦਾ ਹੈ।)*

ਦੀਪ : ਤੇ ਤੁਸੀਂ ਹੱਸ ਰਹੇ ਹੋ...ਇਹੋ ਜਿਹੇ ਬੰਦੇ ਨੂੰ ਜੇ ਪਿੰਡ ਵਿਚ ਜੁੱਤੀਆਂ ਪਈਆਂ ਨੇ, ਇਥੇ ਵੀ ਇਹਦੀ ਛਿੱਤਰ ਪਰੇਡ ਹੋਣੀ ਚਾਹੀਦੀ ਏ... ਮੈਂ ਤਾਂ ਕਹਿਨੀ ਹਾਂ ਕਿ ਹਰ ਮਰਦ ਦੀ ਛਿੱਤਰ ਪਰੇਡ ਹੋਣੀ ਚਾਹੀਦੀ ਏ, ਜਿਹੜਾ ਇਸ ਤਰ੍ਹਾਂ behave ਕਰਦਾ ਹੈ।

ਹਰਨੇਕ : ਬੜੀ ਗੁੱਸੇ ਵਿਚ ਏਂ...ਪਹਿਲਾਂ ਦੱਸ ਕਿ ਸਤਵੰਤ ਤੇ ਜੱਸੀ ਵਿਚ ਸੁਲਾਹ ਹੋਈ...ਸਾਰੀਆਂ ਤੀਵੀਆਂ ਕੱਠੀਆਂ ਹੋ ਕੇ ਗਈਆਂ ਸੀ।

ਦੀਪ : ਨਹੀਂ, ਕੁਝ ਨਹੀਂ ਹੋਇਆ। ਬਸ ਗੱਲ ਉਥੇ ਦੀ ਉਥੇ ਹੀ ਏ...ਹੁਣ ਤਲਾਕ 'ਤੇ ਹੀ ਨਿਬੜੇਗੀ।

ਬੀਜੀ : ਸਤਵੰਤ ਦੀ ਮਾਂ ਵੀ ਪੈਰਾਂ 'ਤੇ ਪਾਣੀ ਨਹੀਂ ਪੈਣ ਦਿੰਦੀ...ਜਿਸ ਤਰ੍ਹਾਂ ਸਾਰਾ ਕਸੂਰ ਜੱਸੀ ਦਾ ਹੀ ਏ।

ਹਰਨੇਕ : ਬੀਜੀ ਇਕ ਕੇਸ ਨਹੀਂ ਬਹੁਤ ਸਾਰੇ ਇਸੇ ਤਰ੍ਹਾਂ ਦੇ ਕੇਸ ਨੇ...ਕੁੜੀ ਇਥੋਂ ਦੀ ਰਹਿਣ ਵਾਲੀ ਏ, ਉਹਦੇ ਮਾਪੇ ਅਖ਼ਬਾਰ ਵਿਚ ਇਸ਼ਤਿਹਾਰ ਦੇਂਦੇ ਨੇ ਕਿ ਕੁੜੀ ਲਈ ਵਰ ਦੀ ਲੋੜ ਏ...ਜੋ ਇੰਡੀਆ ਦਾ ਰਹਿਣ ਵਾਲਾ ਹੋਵੇ, ਕੈਨੇਡਾ ਆਉਣ ਦੇ ਲਾਲਚ ਵਿਚ ਵਿਆਹ ਕਰ ਲੈਂਦੇ ਨੇ...ਭਾਵੇਂ ਕੁੜੀ ਉਨ੍ਹਾਂ ਨੂੰ ਪਹਿਲੇ ਦਿਨ ਤੋਂ ਹੀ ਚੰਗੀ ਨਾ ਲੱਗੀ ਹੋਵੇ...ਸਤਵੰਤ ਤੇ ਜੱਸੀ ਦਾ ਵੀ ਇਹੋ ਕੇਸ ਏ...ਜੱਸੀ ਨੇ ਹੀ ਸਤਵੰਤ ਨੂੰ ਸਪੌਂਸਰ ਕੀਤਾ, ਇਥੇ ਆਇਆ...ਆਪ ਨੌਕਰੀ ਕਰਕੇ ਉਹਦੀ ਪੜ੍ਹਾਈ ਦਾ ਖਰਚ ਕੀਤਾ। ਉਹਦੀ ਨੌਕਰੀ ਲਗਵਾਈ, ਉਹਦੇ ਮਾਂ ਪਿਉ ਤੇ ਭਰਾਵਾਂ ਨੂੰ ਇੰਡੀਆ ਤੋਂ ਬੁਲਾ ਕੇ ਇਥੇ ਸੈਟ

ਕੀਤਾ...ਘਰ ਬਣਾਇਆ, ਦੋ ਬੱਚੇ ਵੀ ਹੋਏ, ਪਰ ਜੱਸੀ ਉਹਨੂੰ ਪਹਿਲੇ ਦਿਨ ਤੋਂ ਹੀ ਚੰਗੀ ਨਹੀਂ ਲੱਗੀ ਸੀ।

ਬੀਜੀ : ਇਹ ਤੈਨੂੰ ਕਿਸ ਤਰ੍ਹਾਂ ਪਤਾ ਏ ?

ਹਰਨੇਕ : ਦੋਸਤਾਂ ਦੀ ਮਹਿਫ਼ਲ ਵਿਚ ਸ਼ਰਾਬ ਦੇ ਲੋਰ ਵਿਚ ਕਈ ਵਾਰੀ ਇਹ ਗੱਲਾਂ ਉਸ ਦੇ ਮੂੰਹੋਂ ਨਿਕਲ ਜਾਂਦੀਆਂ ਨੇ।

ਦੀਪ : But he has got no right to bear her.

ਹਰਨੇਕ : ਮੈਂ ਕਦੋਂ ਕਹਿੰਦਾ ਹਾਂ ਕਿ ਇਹ ਉਹਦਾ ਹੱਕ ਹੈ।

ਦੀਪ : ਜੇ ਉਹਨੂੰ ਚੰਗੀ ਨਹੀਂ ਲੱਗੀ ਸੀ ਤਾਂ ਪਹਿਲੇ ਦਿਨ ਤੋਂ ਹੀ ਨਾਂਹ ਕਰ ਦਿੰਦਾ, ਦਸ ਸਾਲ ਉਸ ਨੂੰ ਵਰਤ ਕੇ, ਜਦੋਂ ਉਹ ਬੱਚਿਆਂ ਦੀ ਮਾਂ ਬਣ ਗਈ ਏ, ਉਹਨੂੰ ਮਾਰਦਾ ਏ, ਘਰੋਂ ਬਾਹਰ ਨਿਕਲ ਜਾਣ ਲਈ ਕਹਿੰਦਾ ਏ ਤੇ ਹਰਨੇਕ ਮੈਂ ਤਾਂ ਸੁਣ ਕੇ ਹੈਰਾਨ ਹੋ ਗਈ...I was wonder struck ਜਦੋਂ ਕੁਝ ਤੀਵੀਆਂ ਨੇ ਆਖਿਆ ਕਿ ਸਤਵੰਤ ਨੇ ਕੋਈ ਵੱਖਰੀ ਗੱਲ ਨਹੀਂ ਕੀਤੀ। Wife beating ਸਾਡੇ ਕਲਚਰ ਦਾ ਪਾਰਟ ਹੈ। What a cruel culture ਤੇ ਇਕ lady ਨੇ ਤਾਂ ਇਥੋਂ ਤਕ ਕਹਿ ਦਿੱਤਾ ਕਿ ਇਹ ਮਾਰ ਕੁੱਟ ਤਾਂ ਪਿਆਰ ਦੀ ਨਿਸ਼ਾਨੀ ਐ...ਜੇ ਬੰਦਾ ਪਤਨੀ ਨੂੰ ਮਾਰੇ ਨਾ ਤਾਂ ਸਮਝੋ ਕਿ ਉਹ ਬੰਦਾ ਪਤਨੀ ਨੂੰ ਪਿਆਰ ਨਹੀਂ ਕਰਦਾ।

ਹਰਨੇਕ : ਕੌਣ ਸੀ ਉਹ ਜ਼ਨਾਨੀ ?

ਬੀਜੀ : ਪੁੱਤਰਾ ਮੈਂ ਨਹੀਂ ਸਾਂ।

ਹਰਨੇਕ : ਮੈਂ ਕਦੋਂ ਕਿਹਾ ਕਿ ਬੀਜੀ ਤੁਸੀਂ ਸੀ...ਫ਼ੇਰ ਕੀ ਫ਼ੈਸਲਾ ਹੋਇਆ ?

ਦੀਪ : ਮੈਂ ਤਾਂ ਜੱਸੀ ਨੂੰ ਸਲਾਹ ਦੇ ਆਈ ਹਾਂ ਕਿ ਜੇ ਸਤਵੰਤ ਫੇਰ ਇਸ ਤਰ੍ਹਾਂ ਕਰੇ ਤਾਂ ਉਹ ਪੁਲਿਸ ਨੂੰ ਕਾਲ ਕਰ ਦੇਵੇ।

ਬੀਜੀ : ਇਹ ਪੁਲਿਸ ਵਾਲੀ ਗੱਲ ਮੈਨੂੰ ਚੰਗੀ ਨਹੀਂ ਲੱਗੀ...ਸਾਡੇ ਘਰਾਂ ਵਿਚ ਪੁਲਿਸ ਦਾ ਆਉਣਾ ਨਹਿਸ਼ ਸਮਝਿਆ ਜਾਂਦਾ ਹੈ ਤੇ ਇਹ ਕਿਹਾ ਜਾਂਦਾ ਏ ਕਿ ਪੁਲਿਸ ਜਿਸ ਘਰ ਵਿਚ ਜਾਏ, ਸਮਝੋ ਉਹਦਾ ਉਜਾੜਾ ਹੋ ਗਿਆ।

ਹਰਨੇਕ : ਬੀਜੀ ਇਥੇ ਪੁਲਿਸ ਆਪਣੇ ਦੇਸ਼ ਵਰਗੀ ਪੁਲਿਸ ਨਹੀਂ ਕਿ ਕੋਈ ਵਾਰਦਾਤ ਹੋ ਜਾਵੇ ਤਾਂ ਫ਼ੈਸਲਾ ਹੀ ਨਾ ਹੋਣ ਦੇਵੇ...ਸਗੋਂ ਦੋਵੇਂ ਧਿਰਾਂ ਤੋਂ ਪੈਸੇ ਝਾੜੇ।

ਬੀਜੀ : ਨਾ ਫਿਰ ਕਿਹੋ ਜਿਹੀ ਹੁੰਦੀ ਹੈ ?

ਹਰਨੇਕ : ਕਾਨੂੰਨ ਵੀ ਲਾਗੂ ਕਰਦੀ ਏ ਤੇ ਲੋਕਾਂ ਦੇ ਕੰਮ ਵੀ ਆਉਂਦੀ ਏ। ਬਾਕੀ ਦੀਪੀ ਪਤਨੀ ਨੂੰ ਕੁੱਟਣਾ ਕੋਈ ਸਾਡੇ ਕਲਚਰ ਦਾ ਹਿੱਸਾ

ਨਹੀਂ...ਸਗੋਂ ਇਹ feudal ਜਾਂ ਜਗੀਰੂ ਕਲਚਰ ਦੀ ਦੇਣ ਹੈ ਤੇ ਹਰ ਲਿਹਾਜ਼ ਨਾਲ out dated ਏ, ਸਾਡੇ ਬਹੁਤ ਸਾਰੇ ਲੋਕ ਜਿਹੜੇ ਪ੍ਰਦੇਸੋਂ ਆ ਕੇ ਇਥੇ ਵੱਸੇ ਹੋਏ ਨੇ, ਉਹ feudal Values ਆਪਣੇ ਨਾਲ ਲਿਆਏ ਨੇ ਤੇ ਇਨ੍ਹਾਂ ਨੂੰ ਇੰਡੀਅਨ ਕਲਚਰ ਜਾਂ ਆਪਣਾ ਵਿਰਸਾ ਕਹਿ ਕੇ justify ਕਰਦੇ ਨੇ...ਸਤਵੰਤ ਅਤੇ ਜੱਸੀ ਦੇ ਕੇਸ ਵਿਚ ਸਾਨੂੰ ਬੜਾ Rational ਹੋ ਕੇ ਸੋਚਣਾ ਪਵੇਗਾ ਤੇ ਇਸ ਦੇ ਬਾਰੇ stand ਵੀ ਲੈਣਾ ਪਵੇਗਾ। Wife beating is brutal culture ਬੀਜੀ ਤੁਹਾਡੀਆਂ ਟਿਕਟਾਂ ਆ ਗਈਆਂ ਹਨ ਤੇ ਅਗਲੇ ਸੋਮਵਾਰ ਦੀ flight ਵੀ confirm ਹੋ ਗਈ ਹੈ।

ਬਾਪੂ : ਇਹ ਤਾਂ ਚੰਗਾ ਹੋਇਆ।

ਦੀਪ : ਬਾਪੂ ਜੀ ਸਾਡੇ ਨਾਲ ਨਾਰਾਜ਼ ਤਾਂ ਨਹੀਂ ?

ਹਰਨੇਕ : ਹਾਂ ਬਾਪੂ ਜੀ, ਤੁਸੀਂ ਨਾਰਾਜ਼ ਤਾਂ ਨਹੀਂ ?

ਬਾਪੂ : ਲੈ ਨਾਰਾਜ਼ ਕਿਉਂ ਹੋਣਾ ਏ ? ਅਸੀਂ ਤੁਹਾਡੇ ਕੋਲ ਆਏ...ਤੁਸੀਂ ਜੋ ਕੁਝ ਮੁਮਕਿਨ ਸੀ, ਸਾਡੇ ਲਈ ਕੀਤਾ...ਤੁਹਾਡੀਆਂ ਆਪਣੀਆਂ ਮਜਬੂਰੀਆਂ ਨੇ...ਆਪਣੇ ਰੁਝੇਵੇਂ ਨੇ...ਜ਼ਿੰਦਗੀ ਇਥੇ ਔਖੀ ਏ, ਪਰ ਇਸ ਵਿਚ ਤਰਤੀਬ ਏ...ਜੇ ਮੈਂ ਤੁਹਾਨੂੰ ਆਖਾਂ ਕਿ ਦੇਸ਼ ਵਾਪਸ ਆ ਜਾਉ ਤਾਂ ਇਹ ਤੁਹਾਡੇ 'ਤੇ ਜ਼ਿਆਦਤੀ ਹੋਵੇਗੀ...ਤੁਸੀਂ ਉਥੇ ਖ਼ੁਸ਼ ਨਹੀਂ ਰਹਿ ਸਕੋਗੇ। ਜਿਸ ਤਰ੍ਹਾਂ ਇਏ ਸਾਫ਼ ਏ ਕਿ ਅਸੀਂ ਇਥੇ ਖ਼ੁਸ਼ ਨਹੀਂ ਰਹਿ ਸਕਾਂਗੇ।

ਬੀਜੀ : ਸਾਡੀ ਤਾਂ ਇਕੋ ਹੀ ਅਰਦਾਸ ਹੋਏਗੀ ਕਿ ਵਾਹਿਗੁਰੂ ਤੁਹਾਨੂੰ ਸਾਰੀਆਂ ਖ਼ੁਸ਼ੀਆਂ ਦੇਵੇ ਤੇ ਸਾਨੂੰ ਤੁਹਾਡੇ ਵੱਲੋਂ ਠੰਡੀ ਹਵਾ ਆਉਂਦੀ ਰਹੇ।

ਹਰਨੇਕ : ਤੇ ਬੀਜੀ ਸਾਡੀ ਵੀ ਅਰਦਾਸ ਹੋਵੇਗੀ ਕਿ ਤੁਸੀਂ ਇੱਜ਼ਤ ਤੇ ਸਤਿਕਾਰ ਦੀ ਜ਼ਿੰਦਗੀ ਜੀਓ।

ਬਾਪੂ : ਜੀਊਂਦੇ ਰਹੋ ਮੇਰੇ ਬੱਚਿਉ।

*(ਬੀਜੀ ਦੀਪੀ ਨੂੰ ਬੁੱਕਲ ਵਿਚ ਲੈਂਦੀ ਹੈ। ਪਿਉ ਪੁੱਤਰ ਆਪਸ ਵਿਚ ਮਿਲਦੇ ਨੇ।)*

ਪਿੱਛੋਂ ਗੀਤ : ਮੈਨੂੰ ਰਹਿਣ ਦੇ ਹਵਾਏ ਮੇਰੇ ਦੇਸ਼...
ਮੈਨੂੰ ਜੁੜਿਆ ਜੜ੍ਹਾਂ ਦੇ ਨਾਲ ਰਹਿਣ ਦੇ
ਮੈਨੂੰ ਖਿੜਿਆ ਕਪਾਹ ਦੇ ਵਾਂਗੂੰ ਰਹਿਣ ਦੇ...

*ਸਮਾਪਤ*